# ਸਰਦਾਰ ਹਰੀ ਸਿੰਘ ਨਲਵਾ



ਪ੍ਰਿਥੀਪਾਲ ਸਿੰਘ 'ਕਪੂਰ'

ਗੁਰਬਾਣੀ ਇਸੁ ਜਗ ਮਹਿ ਚਾਨਣੁ
ੴ
ਸ਼੍ਰੋ: ਗੁ: ਪ੍ਰ:
ਕਮੇਟੀ
ਅੰਮ੍ਰਿਤਸਰ

**ਧਰਮ ਪ੍ਰਚਾਰ ਕਮੇਟੀ**
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

ਸਰਦਾਰ ਹਰੀ ਸਿੰਘ ਨਲਵਾ
(1791-1837)
ਕ੍ਰਿਤ: ਪ੍ਰਿਥੀਪਾਲ ਸਿੰਘ 'ਕਪੂਰ'
ਸਾਬਕਾ ਪ੍ਰੋ-ਵਾਈਸ ਚਾਂਸਲਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਸ੍ਰੀ ਅੰਮ੍ਰਿਤਸਰ

ਪ੍ਰਕਾਸ਼ਕ
ਸਕੱਤਰ, ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),
ਸ੍ਰੀ ਅੰਮ੍ਰਿਤਸਰ।

ਅਗਸਤ 2017 50,000

ਛਾਪਣ ਵਾਲੇ:
ਗੋਲਡਨ ਆਫ਼ਸੈਟ ਪ੍ਰੈਸ, (ਸ਼੍ਰੋਮਣੀ ਗੁ:ਪ੍ਰ: ਕਮੇਟੀ),
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

# ਦੋ ਸ਼ਬਦ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਲਈ 1925 ਈ. ਵਿਚ ਪਾਸ ਹੋਏ ਐਕਟ ਦੇ ਪ੍ਰਾਕਥਨ (preamble) ਵਿਚ ਸਪੱਸ਼ਟ ਅੰਕਤ ਹੈ ਕਿ ਸ਼੍ਰੋਮਣੀ ਕਮੇਟੀ ਦੇ ਕਾਰਜ ਖੇਤਰ ਵਿਚ ਗੁਰਦੁਆਰਾ ਸਾਹਿਬਾਨ ਦੇ ਰੱਖ-ਰਖਾ ਦੇ ਨਾਲ-ਨਾਲ ਗੁਰ-ਮਰਯਾਦਾ ਦਾ ਪ੍ਰਚਲਨ ਸੁਨਿਸ਼ਚਿਤ ਕਰਨਾ ਅਤੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਲਈ ਯੋਗ ਪ੍ਰਬੰਧ ਕਰਨਾ ਵੀ ਹੋਵੇਗਾ। ਇਸ ਦੇ ਨਾਲ ਹੀ ਸਿੱਖ ਇਤਿਹਾਸ ਅਤੇ ਗੁਰਮਤਿ ਸਾਹਿਤ ਦੀ ਖੋਜ ਅਤੇ ਪ੍ਰਕਾਸ਼ਨ ਲਈ ਕਾਰਗਰ ਕਾਰਜ ਵੀ ਕੀਤਾ ਜਾਵੇਗਾ। ਐਕਟ ਦੀਆਂ ਇਨ੍ਹਾਂ ਮਹੱਤਵਪੂਰਨ ਧਾਰਾਵਾਂ ਦੇ ਲਾਗੂ ਕਰਨ ਲਈ ਧਰਮ ਪ੍ਰਚਾਰ ਕਮੇਟੀ ਦਾ ਗਠਨ ਕੀਤਾ ਗਿਆ। ਸਿੱਖ ਇਤਿਹਾਸ ਦੇ ਪ੍ਰਮਾਣਕ ਪਾਠਾਂਤਰ ਦੀ ਨਿਸ਼ਾਨ-ਦੇਹੀ ਲਈ ਸਿੱਖ ਇਤਿਹਾਸ ਰੀਸਰਚ ਬੋਰਡ ਹੋਂਦ ਵਿਚ ਆਇਆ। ਕਲਾਸਿਕੀ ਸਿੱਖ ਸਾਹਿਤ ਦੀ ਖੋਜ ਅਤੇ ਪ੍ਰਕਾਸ਼ਨ ਵੱਲ ਧਿਆਨ ਦੇਣ ਲਈ ਸ਼੍ਰੋਮਣੀ ਕਮੇਟੀ ਨੇ ਸ਼ਮਸ਼ੇਰ ਸਿੰਘ 'ਅਸ਼ੋਕ' ਵਰਗੇ ਖੋਜਕਾਰਾਂ ਨੂੰ ਨਿਯੁਕਤ ਕੀਤਾ। ਇਸ ਅਮਲ ਵਿਚ ਲੰਮਾ ਸਮਾਂ ਕਾਰਜਸ਼ੀਲ ਰਹਿ ਕੇ ਸ਼੍ਰੋ. ਗੁ. ਪ੍ਰ. ਕਮੇਟੀ ਸਮੁੱਚੇ ਦੇਸ਼ ਵਿਚ ਇਕ ਵੱਡਾ ਪ੍ਰਕਾਸ਼ਨ ਅਦਾਰਾ ਬਣ ਗਈ ਹੈ। ਪ੍ਰਮੁੱਖ ਅਤੇ ਨਾਮਵਰ ਇਤਿਹਾਸਕਾਰਾਂ ਦੀਆਂ ਰਚਨਾਵਾਂ ਛਪਵਾਉਣ/ਪ੍ਰਕਾਸ਼ਨ ਦਾ ਕਾਰਜ ਗੁਰਦੁਆਰਾ ਸੁਧਾਰ ਲਹਿਰ ਦੇ ਸਮੇਂ ਤੋਂ ਹੀ ਨਿਸ਼ਠਾਵਾਨ ਵਿਦਵਾਨਾਂ— ਪ੍ਰੋ. ਤੇਜਾ ਸਿੰਘ, ਬਾਵਾ ਹਰਿਕਿਸ਼ਨ ਸਿੰਘ ਆਦਿ ਨੇ ਆਰੰਭ ਦਿੱਤਾ ਸੀ। ਗੁਰਬਾਣੀ ਖੋਜ ਅਤੇ ਟੀਕੇ ਉਤਸ਼ਾਹਤ ਕਰਨ ਲਈ ਸ਼ਬਦਾਰਥ ਤਿਆਰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਟਕੇ ਸੰਗਤਾਂ ਨੂੰ ਬਾਣੀਆਂ ਦੀ ਸ਼ੁੱਧਤਾ ਸੁਨਿਸ਼ਚਿਤ ਕਰਨ ਉਪ੍ਰੰਤ ਸਸਤੇ ਦਰਾਂ 'ਤੇ ਉਪਲਬਧ ਕਰਵਾਏ ਜਾਣ ਲਗੇ।

1947 ਈ. ਵਿਚ ਪਾਕਿਸਤਾਨ ਤੋਂ ਸਿੱਖ ਜਨ ਸਮੂਹ ਦੀ ਹਿਜਰਤ

ਸਮੇਂ ਹੋਈ ਕਤਲ-ਏ-ਆਮ ਬਾਰੇ ਵਡਮੁੱਲੀ ਪੁਸਤਕ ਸ਼੍ਰੋ. ਗੁ. ਪ੍ਰ. ਕਮੇਟੀ ਨੇ ਪ੍ਰੋ. ਗੁਰਬਚਨ ਸਿੰਘ ਤਾਲਿਬ ਦੁਆਰਾ ਤਿਆਰ ਕਰਵਾਈ ਜਿਸ ਵਿਚ ਸਿੱਖਾਂ ਵੱਲੋਂ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਨਿਰਾਧਾਰ ਦੂਸ਼ਨਾਂ ਦਾ ਸਫਲ ਉੱਤਰ ਦਿੱਤਾ ਗਿਆ। ਨਾਲ ਹੀ ਹਿੰਦੂ-ਸਿੱਖਾਂ ਦੀ ਮਾਰ-ਧਾੜ ਅਤੇ ਉਨ੍ਹਾਂ ਦੀਆਂ ਬੱਚੀਆਂ ਅਤੇ ਔਰਤਾਂ ਦੇ ਅਗ਼ਵਾ ਦੇ ਕੋਝੇ ਕਾਰਿਆਂ ਨੂੰ ਵੀ ਨੰਗਾ ਕੀਤਾ ਗਿਆ। ਸਿੱਖਾਂ ਉੱਪਰ ਇਹ ਇਲਜ਼ਾਮ ਪਾਕਿਸਤਾਨ ਸਰਕਾਰ ਦੇ ਲੋਕ ਸੰਪਰਕ ਵਿਭਾਗ ਵੱਲੋਂ ਛਾਪੇ ਗਏ ਕਿਤਾਬਚਿਆਂ ਵਿਚ ਲਗਾਏ ਗਏ ਸਨ। ਇਸ ਦਾ ਮੰਤਵ ਪਾਕਿਸਤਾਨ ਵਿਚ ਸਿੱਖਾਂ ਉੱਪਰ ਹੋਏ ਜ਼ੋਰ-ਜਬਰ ਵੱਲੋਂ ਦੁਨੀਆਂ ਦਾ ਧਿਆਨ ਲਾਂਭੇ ਕਰਨਾ ਸੀ।

ਸ਼੍ਰੋਮਣੀ ਕਮੇਟੀ ਨੇ ਪ੍ਰੌੜ ਸਿੱਖ ਵਿਦਵਾਨਾਂ ਨਾਲ ਨਿਰੰਤਰ ਰਾਬਤਾ ਕਾਇਮ ਰੱਖਿਆ ਹੈ ਅਤੇ ਪੂਰੇ ਦੇਸ਼ ਵਿਦੇਸ਼ਾਂ ਵਿਚ ਵੀ ਸਿੱਖ ਅਧਿਐਨ ਸਬੰਧੀ ਹੋ ਰਹੀ ਖੋਜ ਉੱਪਰ ਵੀ ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰ. ਕਮੇਟੀ) ਨੇ ਲਗਾਤਾਰ ਨਜ਼ਰ ਰੱਖੀ ਹੋਈ ਹੈ। ਹਥਲੀ ਪੁਸਤਕ ਸੁਪ੍ਰਸਿੱਧ ਤੇ ਨਿਸ਼ਠਾਵਾਨ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲਵੇ ਦੀ ਸੰਖੇਪ ਪਰ ਸਰਲ ਅਤੇ ਪ੍ਰਮਾਣਕ ਜੀਵਨੀ ਤਿਆਰ ਕਰਨ ਵੱਲ ਇਕ ਸਾਰਥਕ ਹੰਭਲਾ ਹੈ। ਲੇਖਕ ਨੇ ਇਸ ਦੀ ਰਚਨਾ ਦਾ ਮਨੋਰਥ, ਸਿੱਖ ਨੌਜਵਾਨਾਂ/ਯੁਵਤੀਆਂ ਦਾ ਧਿਆਨ ਗੌਰਵਮਈ ਸਿੱਖ ਵਿਰਸੇ ਵੱਲ ਦੁਆਉਣਾ ਦਰਸਾਇਆ ਹੈ।

ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰ. ਕਮੇਟੀ) ਨੂੰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੀ ਇਸ ਵਡਮੁਲੀ ਰਚਨਾ ਦੇ ਪ੍ਰਕਾਸ਼ਨ ਦਾ ਸੁਭਾਗ ਪ੍ਰਾਪਤ ਕਰ ਕੇ ਪ੍ਰਸੰਨਤਾ ਹੋਈ ਹੈ। ਸਾਨੂੰ ਨਿਸ਼ਚਾ ਹੈ ਕਿ ਸੰਗਤਾਂ ਇਸ ਵਡਮੁੱਲੀ ਖੋਜ ਤੋਂ ਭਰੋਸੇਯੋਗ ਜਾਣਕਾਰੀ ਪ੍ਰਾਪਤ ਕਰ ਕੇ ਲਾਭ ਪ੍ਰਾਪਤ ਕਰਨਗੀਆਂ।

**ਸਕੱਤਰ,**<br>
ਧਰਮ ਪ੍ਰਚਾਰ ਕਮੇਟੀ,<br>
ਸ਼੍ਰੋ. ਗੁ. ਪ੍ਰ. ਕਮੇਟੀ,<br>
ਸ੍ਰੀ ਅੰਮ੍ਰਿਤਸਰ।

# ਆਦਿ ਕਥਨ

ਸਿੱਖ ਇਤਿਹਾਸ ਵਿਚ ਸੂਰਮਗਤੀ ਦੀ ਪਰੰਪਰਕ ਵਾਰਤਾ ਨਿਵੇਕਲੀ ਪ੍ਰਕਾਰ ਦੀ ਹੈ। ਇਸ ਵਿਚ ਸਿਰੜ, ਸਾਹਸ, ਦਲੇਰੀ ਅਤੇ ਜੇਰੇ ਨਾਲ ਜ਼ੁਲਮ ਝੱਲਣ ਦੀਆਂ ਅਨੇਕ ਕਥਾਵਾਂ ਉਲੇਖਣੀ ਹਨ। ਗੁਰੂ ਕਾਲ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਅੰਤ ਤੱਕ ਬੀਰਤਾ ਦੀਆਂ ਵਿਭਿੰਨ ਵਣਗੀਆਂ ਦਾ ਅਲੌਕਿਕ ਇਤਿਹਾਸ; ਸਿੱਖਾਂ ਦੀਆਂ ਸਿਲਸਿਲੇਵਾਰ ਪੀੜ੍ਹੀਆਂ ਨੂੰ ਪੰਥ ਦੀ ਸਲਾਮਤੀ ਲਈ ਸੰਘਰਸ਼ ਜਾਰੀ ਰੱਖਣ ਲਈ ਉਤਸ਼ਾਹਤ ਕਰਦਾ ਆਇਆ ਹੈ। ਜਦੋਂ 1765 ਈਸਵੀ ਉਪ੍ਰੰਤ ਹਿਰਸੀ ਸਿੱਖ ਸਰਦਾਰਾਂ ਨੇ ਆਪਸੀ ਵਿਨਾਸ਼ਕਾਰੀ ਖਹਿਬੜ ਦੇ ਰਾਹ ਪੈ ਕੇ ਨਰੋਈਆਂ ਪੰਥਕ ਰਵਾਇਤਾਂ ਵੱਲ ਪਿੱਠ ਕਰ ਲਈ ਤਾਂ ਸਿੱਖ ਰਾਜਨੀਤਕ ਸ਼ਕਤੀ ਦੇ ਗਠਿਤ ਉਥਾਨ ਲਈ ਸਿਹਤਮੰਦ ਮਾਹੌਲ ਨਾ ਬਣ ਸਕਿਆ। ਮਾਰ-ਧਾੜ, ਈਰਖਾ ਅਤੇ ਕਤਲੋ-ਗ਼ਾਰਤ ਹੀ ਪ੍ਰਧਾਨ ਹੋ ਗਈ। ਨਾ ਗੁਰਮਤੇ ਸਾਹਮਣੇ ਰਹੇ ਅਤੇ ਨਾ ਪੰਥਕ ਹਿਤਾਂ ਲਈ ਤਾਲ-ਮੇਲ ਦੀ ਭਾਵਨਾ। ਭੰਗੀਆਂ, ਕਨ੍ਹਈਆਂ, ਰਾਮਗੜ੍ਹੀਆਂ ਅਤੇ ਆਹਲੂਵਾਲੀਏ ਸਰਦਾਰਾਂ ਦੇ ਆਪਸੀ ਵੈਰ-ਵਿਰੋਧ ਨੇ ਤਾਂ ਖ਼ਾਨਾ-ਜੰਗੀ ਵਾਲੀ ਹਾਲਤ ਬਣਾ ਦਿੱਤੀ। ਸਤਲੁਜ-ਹਿਠਾੜ ਇਲਾਕੇ ਵਿਚ ਫੂਲਕੀਆਂ ਮਿਸਲ ਅਤੇ ਅਨੇਕਾਂ ਹੋਰ ਸਰਦਾਰ ਆਪਣੇ ਰਾਜ/ਜਾਗੀਰਾਂ ਸੁਰੱਖਿਅਤ ਕਰਨ ਲਈ ਮੁਗ਼ਲ ਸਾਮਰਾਜ ਦੇ ਪਤਨ ਉਪ੍ਰੰਤ ਉਭਰੀ ਸ਼ਕਤੀਸ਼ਾਲੀ ਈਸਟ ਇੰਡੀਆ ਕੰਪਨੀ ਦੀ ਪ੍ਰਮੁੱਖਤਾ ਪ੍ਰਵਾਨ ਕਰਨ ਲਈ ਉਤਾਵਲੇ ਸਨ। ਸ਼ਾਇਦ ਉਨ੍ਹਾਂ ਨੂੰ ਖ਼ਾਲਸੇ ਦੀ ਖ਼ੁਦਮੁਖਤਿਆਰੀ ਦੇ ਸੰਕਲਪ ਦੀ ਅਜੇ ਸੋਝੀ ਹੀ ਨਹੀਂ ਸੀ। ਅਜੇਹੇ ਹਾਲਾਤ ਦੀ ਪਿੱਠ-ਭੂਮੀ ਵਿਚ ਰਣਜੀਤ ਸਿੰਘ ਸ਼ੁਕਰਚਕੀਏ ਨੂੰ 'ਪਿਉ ਦਾਦੇ' ਦੀ ਸ਼ਕਤੀਸ਼ਾਲੀ ਮਿਸਲ ਨੂੰ ਰਾਜਤੰਤਰ ਵਿਚ ਤਬਦੀਲ ਕਰਨ ਦਾ ਸੁਨਹਿਰੀ

ਮੌਕਾ ਮਿਲ ਗਿਆ। ਓਧਰ ਅਠਾਰ੍ਹਵੀਂ ਸ਼ਤਾਬਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਮੁਗ਼ਲ ਸਾਮਰਾਜ ਦੇ ਬਚੇ-ਖੁਚੇ ਨਵਾਬਾਂ/ਰਜਵਾੜਿਆਂ ਨੂੰ, ਪੰਜਾਬ ਵਿਚ ਸਿੱਖ ਰਾਜ-ਸ਼ਕਤੀ ਦਾ ਉਥਾਨ ਅਨਿਵਾਰੀ ਦਿੱਸਣ ਲੱਗਾ, ਭਾਵੇਂ ਕਿ ਖ਼ਾਲਸਾ ਪੰਥ ਦੇ ਸੁਦ੍ਰਿੜ੍ਹ ਵਿਸ਼ਵਾਸੀ ਸੰਘਰਸ਼ਸ਼ੀਲ ਅਨੁਭਵੀ ਸੂਰਬੀਰ ਸਰਦਾਰ; ਆਪਣੀਆਂ ਸੰਘਰਸ਼ਸ਼ੀਲ ਉਮਰਾਂ ਭੋਗ ਕੇ ਇਤਿਹਾਸ-ਕਥਾਵਾਂ ਦਾ ਭਾਗ ਬਣਦੇ ਜਾ ਰਹੇ ਸਨ ਅਤੇ ਅਗਲੀ ਪੀੜ੍ਹੀ ਵਾਲੇ ਇਲਾਕੇ ਹੜੱਪਣ ਦੀ ਦੌੜ ਵਿਚ ਬੇਤਾਬ ਅਤੇ ਆਪਣੀ ਸ਼ਕਤੀ ਦੇ ਪ੍ਰਗਟਾਅ ਦੀ ਹਉਮੈ ਵੱਲ ਧਿਆਨ ਲਗਾਈ ਬੈਠੇ ਸਨ। ਰਣਜੀਤ ਸਿੰਘ ਦੀ ਸੱਸ, ਸਰਦਾਰਨੀ ਸਦਾ ਕੌਰ ਨੇ ਉਸ ਨੂੰ ਲਾਹੌਰ ਜਿੱਤਣ ਲਈ ਉਤਸ਼ਾਹਤ ਕੀਤਾ ਅਤੇ ਲਾਹੌਰ ਦੀ ਵੱਸੋਂ ਦੇ ਹਿੰਦੂ-ਮੁਸਲਮਾਨ ਵਸ਼ਿਸਠ ਵਰਗ ਨੇ ਉਸ ਨੂੰ ਪੰਜਾਬ ਵਿਚ ਅਮਨ-ਸ਼ਾਂਤੀ ਅਤੇ ਸਹਿ-ਹੋਂਦ ਵਾਲਾ ਸ਼ਾਸਨ ਸਥਾਪਤ ਕਰਨ ਲਈ ਚੰਗਾ ਹੁੰਗਾਰਾ ਦੇ ਦਿੱਤਾ। ਇਸ ਪ੍ਰਕਾਰ ਏਕਾ-ਅਧਿਕਾਰੀ ਸਿੱਖ ਬਾਦਸ਼ਾਹੀ ਦੀ ਸਥਾਪਨਾ ਲਈ ਰਾਹ ਪੱਧਰਾ ਹੁੰਦਾ ਦਿੱਸਣ ਲੱਗਾ ਅਤੇ ਖ਼ਾਲਸੇ ਦੀ ਲੋਕਤੰਤਰੀ ਆਧਾਰ 'ਤੇ ਗਠਿਤ ਪੰਥਕ ਸ਼ਕਤੀ ਬਿਖਰਨ ਲੱਗੀ। ਨਵੀਂ ਪੀੜ੍ਹੀ ਨੇ ਵਾਸਤਵ ਵਿਚ ਗੁਰੂ ਅਤੇ ਪੰਥਕ ਲਗਨ ਵੱਲੋਂ ਮੂੰਹ ਮੋੜ ਕੇ ਭੰਗ-ਸ਼ਰਾਬ ਦੇ ਸੇਵਨ ਅਤੇ ਹਉਮੈ ਦੇ ਵਿਖਾਵੇ ਵੱਲ ਧਿਆਨ ਕਰ ਲਿਆ ਸੀ। ਸ਼ਾਇਦ ਇਸੇ ਲਈ ਰਣਜੀਤ ਸਿੰਘ ਨੂੰ ਆਪਣਾ ਰਾਜ-ਕਾਜ ਚਲਾਉਣ ਲਈ ਜੰਮੂ ਦੇ ਹਿਰਸੀ ਡੋਗਰਿਆਂ, ਮੇਰਠ ਦੇ ਬ੍ਰਾਹਮਣਾਂ, ਪੰਜਾਬੀ ਹਿੰਦੂ ਖੱਤਰੀਆਂ ਅਤੇ ਫ਼ਕੀਰ ਭਰਾਵਾਂ ਵਰਗੇ ਮੁਸਲਮਾਨ ਕੁਲੀਨ ਵਰਗ ਦੇ ਵਿਰਲੇ ਬਚ ਗਏ ਨਵਾਬਾਂ/ਦਰਬਾਰੀਆਂ ਆਦਿ 'ਤੇ ਨਿਰਭਰ ਰਹਿਣਾ ਪਿਆ।

ਇਹ ਵੀ ਇਕ ਸੱਚਾਈ ਹੈ ਕਿ ਸਿੱਖ ਰਾਜਸੀ ਸ਼ਾਨੋ-ਸ਼ੌਕਤ ਦੇ ਇਸ ਸਮੇਂ ਵਿਚ ਸਿੱਖ ਚਲਨ; ਐਸ਼-ਪ੍ਰਸਤੀ ਵਿਚ ਹੀ ਗਲਤਾਨ ਹੋ ਗਿਆ। ਬਹੁਤੇ ਸਿੱਖ ਸਰਦਾਰ ਹਉਮੈ ਵੱਸ ਹੋ ਕੇ ਗੁਰੂ ਅਤੇ ਗੁਰਬਾਣੀ ਦੇ ਸੰਦੇਸ਼ ਤੋਂ ਦੁਰੇਡੇ ਚਲੇ ਗਏ। ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ-ਇਸ਼ਨਾਨ ਕੇਵਲ ਵਿਖਾਵਾ ਬਣ ਗਏ ਜੋ ਹਿੰਦੂ ਯਾਤਰਾ-ਰੀਤੀ ਦੇ ਤੁਲ ਰਹਿ ਗਿਆ। ਇਸ ਯੁੱਗ ਵਿਚ ਹਰੀ

ਸਿੰਘ ਨਲਵੇ ਵਰਗੇ ਵਿਅਕਤੀ ਦਾ ਸਿੱਖ ਪੰਥ ਵਿਚ ਨਮੂਦਾਰ ਹੋਣਾ; ਗੁਰੂ ਦੀ ਅਲੌਕਿਕ ਲੀਲ੍ਹਾ ਹੀ ਜਾਪਦੀ ਹੈ। ਹਰੀ ਸਿੰਘ ਨੂੰ ਉਸ ਦੀ ਵਿਧਵਾ ਮਾਤਾ; ਧਰਮ ਕੌਰ ਨੇ ਗੁਰੂ-ਸ਼ਰਧਾ ਅਤੇ ਗੁਰਬਾਣੀ ਦੇ ਸੂਹੇ ਰੰਗ ਵਿਚ ਰੰਗ ਕੇ ਉਸ ਵਿਚ ਪੰਥ ਲਈ ਅਥਾਹ ਉਤਸ਼ਾਹ ਅਤੇ ਜੋਸ਼ ਭਰ ਰਖਿਆ ਸੀ ਜਿਸ ਕਰਕੇ ਹਰੀ ਸਿੰਘ ਨੇ ਇਕ ਆਦਰਸ਼ ਸਿੱਖ ਨੌਜਵਾਨ ਵਜੋਂ ਆਪਣਾ ਜੀਵਨ ਪੰਥ ਦੇ ਲੇਖੇ ਲਾਉਣ ਦਾ ਪਰਪੱਕ ਇਰਾਦਾ ਕੀਤਾ ਹੋਇਆ ਸੀ। ਉਹ ਕੇਵਲ਼ ਤਕੜੇ ਜੁੱਸੇ ਵਾਲਾ ਤੇਗ਼ ਦਾ ਧਨੀ ਹੀ ਨਹੀਂ ਸੀ, ਉਹ ਤਾਂ ਪੰਥ ਦਾ ਨਿਸ਼ਕਾਮ ਸੇਵਕ ਅਤੇ ਖ਼ਾਲਸਾ ਰਾਜ ਦਾ ਨਿਰਛਲ ਰੱਖਿਅਕ ਅਤੇ ਨਿਸ਼ਠਾਵਾਨ ਅਹਿਲਕਾਰ ਹੋ ਨਿਬੜਿਆ। ਉਸ ਨੇ ਪੰਜਾ ਸਾਹਿਬ (ਹਸਨ ਅਬਦਾਲ, ਪਾਕਿਸਤਾਨ) ਤੋਂ ਲੈ ਕੇ ਅਕਾਲ ਤਖ਼ਤ ਸਾਹਿਬ, ਹਰਿਮੰਦਰ ਸਾਹਿਬ (ਅੰਮ੍ਰਿਤਸਰ), ਅਨੰਦਪੁਰ ਸਾਹਿਬ ਅਤੇ ਮੁਕਤਸਰ ਸਾਹਿਬ ਤੱਕ ਦੇ ਗੁਰਦੁਆਰਿਆਂ ਦੀ ਸੇਵਾ ਵੱਲ ਉਚੇਚਾ ਧਿਆਨ ਦਿੱਤਾ। ਭਾਰਤੀ ਉਪ-ਮਹਾਂਦੀਪ ਦੀ ਉੱਤਰ-ਪੱਛਮੀ ਸਰਹੱਦ ਨੂੰ ਸੁਰੱਖਿਅਤ ਕਰਨ ਲਈ ਉਸ ਨੇ ਕਾਰਗਰ ਨੀਤੀ ਉਲੀਕੀ ਜਿਸ ਨੂੰ ਪਿੱਛੋਂ ਬਰਤਾਨਵੀ ਸਾਮਰਾਜ ਨੇ ਵੀ ਅਪਨਾਇਆ। ਭਾਰਤ ਵਿਚ ਸਥਾਪਤ ਈਸਟ ਇੰਡੀਆ ਕੰਪਨੀ ਦੇ ਬਰਤਾਨਵੀ ਬਸਤੀਵਾਦੀ ਸ਼ਾਸਨ ਅਤੇ ਖ਼ੁਦਮੁਖਤਾਰ ਖ਼ਾਲਸਾ ਰਾਜ ਵਿਚਕਾਰ ਉਹ ਸਫਲ ਨੀਤੀਵਾਨ (ਡਿਪਲੋਮੈਟ) ਬਣ ਕੇ ਵੀ ਸੁਰਖਰੂ ਹੋਇਆ। ਲਾਹੌਰ ਦਰਬਾਰ ਦੇ ਸਿੱਖ ਸਰਦਾਰਾਂ ਵਿਚੋਂ ਕੇਵਲ ਓਹੀ ਪੜ੍ਹਿਆ, ਲਿਖਿਆ ਅਤੇ ਆਧੁਨਿਕਤਾ ਦੇ ਮਹੱਤਵ ਨੂੰ ਸਮਝਣ ਵਾਲਾ ਸੀ। ਸਿੱਖ ਰਾਜਨੀਤੀ ਦੀ ਅਸਾਵੀਂ ਤੌਰ ਸਾਹਮਣੇ, ਆਉਂਦੇ ਸਮੇਂ ਵਿਚ ਸਿੱਖ ਰਾਜ ਨੂੰ ਦਰਪੇਸ਼ ਸੰਵਿਧਾਨਕ ਸਮੱਸਿਆਵਾਂ ਦੀਆਂ ਪੇਚੀਦਗੀਆਂ ਬਾਰੇ ਵੀ ਉਹ ਫਿਕਰਮੰਦ ਸੀ। ਪਠਾਨਾਂ ਦੇ ਪ੍ਰਮੁੱਖ ਇਤਿਹਾਸਕਾਰ ਓਲਿਫ਼ ਕਾਰੋ ਨੇ ਠੀਕ ਹੀ ਹਰੀ ਸਿੰਘ ਨਲਵੇ ਨੂੰ ਲਾਹੌਰ ਦਰਬਾਰ ਦਾ 'ਇਕੋ ਇਕ ਅਸਲੀ ਸਿੱਖ ਸਰਦਾਰ' ਦਰਸਾਇਆ ਅਤੇ ਸਮਕਾਲੀ ਅੰਗਰੇਜ਼ ਸ਼ਾਸਕਾਂ ਨੇ ਉਸੇ ਨੂੰ ਖ਼ਾਲਸਾ ਫ਼ੌਜ ਦਾ ਜਰਨੈਲ ਮੰਨਿਆ। ਇਹੀ ਇਕ ਸਰਦਾਰ ਸੀ ਜਿਸ ਦੇ ਕਾਰਨਾਮਿਆਂ ਅਤੇ ਬਹਾਦਰੀ ਨੂੰ ਗੈਰ-ਸਿੱਖ ਸ਼ਾਇਰਾਂ ਨੇ ਗਾਇਆ

ਅਤੇ ਸਲਾਹਿਆ। ਇਸੇ ਲਈ ਲੰਬੇ ਸਮੇਂ ਤੋਂ ਮੇਰੇ ਮਨ ਵਿਚ ਹਰੀ ਸਿੰਘ ਨਲਵੇ ਦੇ ਮਹੱਤਵ ਦਾ ਵਿਸ਼ਲੇਸ਼ਣੀ ਪਰ ਸੰਖੇਪ ਅਧਿਐਨ ਕਰਨ ਦਾ ਵਿਚਾਰ ਸੀ ਜੋ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣ ਸਕੇ। ਵੇਖੀਏ! ਅੱਜ ਦੇ ਸਿੱਖ ਇਤਿਹਾਸ ਵੱਲੋਂ ਅਵੇਸਲੇ ਅਤੇ ਪਦਾਰਥਕ ਦੌੜ ਵਿਚ ਗਰਕ ਸਿੱਖ ਨੌਜਵਾਨਾਂ/ਯੁਵਤੀਆਂ ਲਈ ਇਹ ਕਿਰਤ ਧਿਆਨ ਗੋਚਰੀ ਬਣ ਸਕੇਗੀ।

ਵਿਦਵਾਨ ਵਰਗ ਲਈ ਵਨੀਤ ਨਲਵਾ ਦੀ ਕਲਾਸਿਕੀ ਰਚਨਾ 'ਹਰੀ ਸਿੰਘ ਨਲਵਾ, ਚੈਂਪੀਅਨ ਆਫ਼ ਦੀ ਖ਼ਾਲਸਾ ਰਾਜ' ਦਾ ਵਰਣਨ ਮੈਂ ਇਥੇ ਜ਼ਰੂਰੀ ਸਮਝਦਾ ਹਾਂ। ਇਸ ਪੁਸਤਕ ਵਿਚ ਹਰੀ ਸਿੰਘ ਸਬੰਧੀ ਚੋਖੀ ਵਡਮੁੱਲੀ ਸਮੱਗਰੀ ਉਪਲਬਧ ਹੈ। ਪਰ ਖੇਦ ਹੈ ਕਿ ਸਿੱਖ ਬੁੱਧੀਮਾਨਾਂ ਦੀ ਔਸਰੀ ਰੁਚੀ ਕਾਰਨ ਇਸ ਮਾਅਰਕੇ ਖੋਜ਼ ਪੁਸਤਕ ਨੂੰ ਭਰਵਾਂ ਹੁੰਗਾਰਾ ਨਹੀਂ ਮਿਲਿਆ।

**ਪ੍ਰਿਥੀਪਾਲ ਸਿੰਘ ਕਪੂਰ**

*ਸੀ-10, ਰਾਜਗੁਰੂ ਨਗਰ, ਲੁਧਿਆਣਾ।*
*ਖ਼ਾਲਸਾ ਸਿਰਜਣਾ ਦਿਵਸ (ਵੈਸਾਖੀ) 2016*

# ਸਰਦਾਰ ਹਰੀ ਸਿੰਘ ਨਲਵਾ

ਉਨ੍ਹੀਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਦੋ ਪ੍ਰਮੁੱਖ ਸ਼ਖ਼ਸੀਅਤਾਂ ਦੀ ਚਰਚਾ ਬਰਾਬਰ ਮਿਲਦੀ ਹੈ। ਉਹ ਹਨ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦਾ ਸੁਪ੍ਰਸਿੱਧ ਜਰਨੈਲ, ਸਰਦਾਰ ਹਰੀ ਸਿੰਘ ਨਲਵਾ। ਦੋਹਾਂ ਦੀ ਸਾਂਝ ਪਿਤਾ-ਪੁਰਖੀ ਸੀ। ਹਰੀ ਸਿੰਘ ਦਾ ਪਿਤਾ ਗੁਰਦਿਆਲ ਸਿੰਘ ਉੱਪਲ ਅਤੇ ਦਾਦਾ ਹਰਦਾਸ ਸਿੰਘ ਉੱਪਲ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਅਤੇ ਦਾਦਾ ਚੜ੍ਹਤ ਸਿੰਘ ਦੇ ਸਮਕਾਲੀ ਸਨ। ਦੋਵਾਂ ਘਰਾਣਿਆਂ ਦਾ ਜੱਦੀ ਪਿੰਡ ਮਜੀਠਾ (ਵਰਤਮਾਨ ਜ਼ਿਲ੍ਹਾ ਅੰਮ੍ਰਿਤਸਰ) ਸੀ। ਸ਼ਾਇਦ ਇਸੇ ਕਰਕੇ ਹਰਦਾਸ ਸਿੰਘ, ਚੜ੍ਹਤ ਸਿੰਘ ਸ਼ੁਕਰਚਕੀਏ ਦੇ ਜੱਥੇ ਵਿਚ ਸ਼ਾਮਿਲ ਹੋਇਆ ਸੀ ਅਤੇ ਕੁਪ-ਰਹੀੜਾ ਜ਼ਿਲ੍ਹਾ ਸੰਗਰੂਰ ਦੀ ਵੱਡੇ ਘੱਲੂਘਾਰੇ ਦੀ ਭਿਅੰਕਰ ਲੜਾਈ ਵਿਚ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਵਿਰੁੱਧ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ। ਸਰਦਾਰ ਹਰੀ ਸਿੰਘ ਦਾ ਪਿਤਾ ਸ. ਗੁਰਦਿਆਲ ਸਿੰਘ ਉੱਪਲ ਆਪਣੇ ਪਿਤਾ ਵਾਂਙ ਸ਼ੁਕਰਚਕੀਆ ਮਿਸਲ ਨਾਲ ਹੀ ਜੁੜਿਆ ਰਿਹਾ ਅਤੇ ਉਸ ਨੇ ਸ਼ੁਕਰਚਕੀਏ ਸਰਦਾਰਾਂ—ਚੜ੍ਹਤ ਸਿੰਘ ਅਤੇ ਮਹਾਂ ਸਿੰਘ ਨਾਲ ਕਈ ਮਹੱਤਵਪੂਰਨ ਲੜਾਈਆਂ ਵਿਚ ਭਾਗ ਲਿਆ ਜਿਸ ਕਾਰਨ ਉਹ ਸ਼ੁਕਰਚਕੀਏ ਮਿਸਲ ਦੇ ਸਿਰਕੱਢ ਰਿਸਾਲਦਾਰਾਂ (ਡੇਰੇਦਾਰਾਂ) ਵਿਚ ਗਿਣਿਆ ਜਾਣ ਲੱਗਾ ਅਤੇ ਉਸ ਨੂੰ ਸ਼ਾਹਦਰੇ (ਲਾਹੌਰ) ਦੇ ਨੇੜੇ ਪਿੰਡ ਬੱਲੋਕੀ (ਜ਼ਿਲ੍ਹਾ ਗੁੱਜਰਾਂਵਾਲਾ) ਜਾਗੀਰ ਵਜੋਂ ਮਿਲਿਆ।

ਸਰਦਾਰ ਹਰੀ ਸਿੰਘ ਦਾ ਜਨਮ 1791 ਈ: ਵਿਚ ਗੁੱਜਰਾਂਵਾਲਾ (ਹੁਣ ਪਾਕਿਸਤਾਨ) ਵਿਖੇ ਹੋਇਆ। ਇੱਥੇ ਹੀ 11 ਸਾਲ ਪਹਿਲਾਂ

ਨਵੰਬਰ 13, 1780 ਈ: ਨੂੰ ਸਰਦਾਰ ਮਹਾਂ ਸਿੰਘ ਸ਼ੁਕਰਚਕੀਏ ਦੇ ਘਰ ਰਣਜੀਤ ਸਿੰਘ ਨੇ ਜਨਮ ਲਿਆ ਸੀ। 1798 ਈ: ਵਿਚ ਜਦੋਂ ਸ. ਹਰੀ ਸਿੰਘ ਅਜੇ ਸੱਤ ਸਾਲ ਦਾ ਬਾਲਕ ਹੀ ਸੀ ਤਾਂ ਉਸ ਦੇ ਪਿਤਾ ਦਾ ਦਿਹਾਂਤ ਹੋ ਗਿਆ। ਹਰੀ ਸਿੰਘ ਦੀ ਨਿਰਾਸ਼ ਮਾਤਾ; ਅਕਾਲ ਪੁਰਖ ਦੇ ਭਾਣੇ ਵਿਚ ਹਰੀ ਸਿੰਘ ਦੀ ਸੁੱਖ ਮੰਗਦੀ ਉਸ ਨੂੰ ਆਪਣੇ ਭਰਾਵਾਂ ਕੋਲ ਲੈ ਗਈ ਜਿਥੇ ਹਰੀ ਸਿੰਘ ਦੀ ਪਾਲਣਾ, ਪੜ੍ਹਾਈ ਅਤੇ ਸਿਖਲਾਈ ਵੱਲ ਉਚੇਚਾ ਧਿਆਨ ਦਿੱਤਾ ਗਿਆ। ਹਰੀ ਸਿੰਘ ਦੀ ਮਾਤਾ ਧਰਮ ਕੌਰ ਨੇ ਉਸ ਵਿਚ ਸਿੱਖੀ ਪ੍ਰਤੀ ਨਿਸ਼ਠਾ ਅਤੇ ਸ਼ਰਧਾ ਕੁੱਟ-ਕੁੱਟ ਕੇ ਭਰ ਦਿੱਤੀ। ਗੁਰਬਾਣੀ ਸਿੱਖਿਆ ਵੱਲ ਵੀ ਪੂਰਾ ਧਿਆਨ ਦਿੱਤਾ ਗਿਆ। ਨਿਸ਼ਚੇ ਹੀ ਗੁਰ-ਸਾਖੀਆਂ ਅਤੇ ਇਤਿਹਾਸਕ ਰਵਾਇਤਾਂ ਇਸ ਕਾਰਜ ਲਈ ਚੰਗਾ ਮਾਧਿਅਮ ਸਨ। 1801 ਈ. ਵਿਚ ਦਸ ਸਾਲ ਦੀ ਉਮਰ ਵਿਚ ਹਰੀ ਸਿੰਘ ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ। ਇਸੇ ਦੌਰਾਨ ਉਸ ਨੇ ਫ਼ਾਰਸੀ ਭਾਸ਼ਾ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਉਹ ਫ਼ਾਰਸੀ ਲਿਖਣ ਅਤੇ ਬੋਲ-ਚਾਲ ਵਿਚ ਸੁਘੜ ਹੋ ਗਿਆ। ਇਥੇ ਇਸ ਗੱਲ ਦਾ ਵਰਣਨ ਵੀ ਜ਼ਰੂਰੀ ਹੈ ਕਿ ਹਰੀ ਸਿੰਘ ਨੂੰ ਵਿਭਿੰਨ ਭਾਸ਼ਾਵਾਂ ਸਿੱਖਣ ਦਾ ਸ਼ੌਕ ਸੀ ਅਤੇ ਉਸ ਦੀ ਬੋਲ-ਚਾਲ ਵੀ ਚੰਗੀ ਪ੍ਰਭਾਵਸ਼ਾਲੀ ਸੀ। ਅੱਗੇ ਚੱਲ ਕੇ ਹਰੀ ਸਿੰਘ ਨੇ ਅੰਗਰੇਜ਼ੀ, ਫਰਾਂਸੀਸੀ, ਪਸ਼ਤੋ, ਅਲਤਾਲਵੀ ਅਤੇ ਸਪੇਨੀ ਭਾਸ਼ਾਵਾਂ ਵਿਚ ਵੀ ਮੁਹਾਰਤ ਹਾਸਲ ਕਰ ਲਈ।

*(ਇਹ ਸਾਰੀਆਂ ਬੋਲੀਆਂ ਉਸ ਨੇ ਆਪਣੀਆਂ ਵਿਹਾਰਕ ਲੋੜਾਂ ਕਰਕੇ ਸਿੱਖੀਆਂ ਸਨ। ਮਹਾਰਾਜੇ ਵੱਲੋਂ ਫ਼ੌਜ-ਇ-ਖ਼ਾਸ ਲਈ ਭਰਤੀ ਕੀਤੇ ਯੂਰਪੀ ਜਰਨੈਲਾਂ ਨਾਲ ਹਰੀ ਸਿੰਘ ਦੇ ਚੰਗੇ ਸੰਬੰਧ ਸਨ ਅਤੇ ਪਸ਼ਤੋ ਵਾਲੇ ਇਲਾਕੇ ਵਿਚ ਉਹ ਚੋਖਾ ਸਮਾਂ ਨਿਯੁਕਤ ਰਿਹਾ।)*

ਬੈਰਨ ਹਿਊਗਲ (ਜਰਮਨ ਸੈਲਾਨੀ) ਦੇ ਕਥਨ ਅਨੁਸਾਰ, ਸ. ਹਰੀ ਸਿੰਘ ਨਲਵਾ ਲਾਹੌਰ ਦਰਬਾਰ ਦਾ ਇਕੋ ਸਿੱਖ ਸਰਦਾਰ ਸੀ ਜੋ ਰਾਜ ਭਾਸ਼ਾ ਫ਼ਾਰਸੀ ਵਿਚ ਲਿਖ ਅਤੇ ਗੱਲਬਾਤ ਕਰਨ ਦੀ ਚੰਗੀ ਸਮਰੱਥਾ ਰੱਖਦਾ ਸੀ। ਹਿਊਗਲ ਇਹ ਵੀ ਲਿਖਦਾ ਹੈ ਕਿ ਹਰੀ ਸਿੰਘ ਯੂਰਪ ਦੇ ਸਮਕਾਲੀ ਹਾਲਾਤ ਸੰਬੰਧੀ ਜਾਣਕਾਰੀ ਹਾਸਲ ਕਰਨ ਲਈ ਸਦਾ ਸਤਰਕ ਰਹਿੰਦਾ ਸੀ।

ਖ਼ਾਨਦਾਨੀ ਸਿੱਖ ਸਰਦਾਰਾਂ ਦੀ ਪ੍ਰਥਾ ਅਨੁਕੂਲ ਬਾਲ ਹਰੀ ਸਿੰਘ ਦੀ ਵਿਦਿਆ-ਸਿਖਲਾਈ ਵਿਚ ਸ਼ਸਤਰ ਸਿਖਿਆ ਵੀ ਸ਼ਾਮਿਲ ਸੀ। ਇਸ ਲਈ ਹਰੀ ਸਿੰਘ ਨੇ ਘੋੜ ਸਵਾਰੀ, ਬੰਦੂਕ-ਬਾਜ਼ੀ ਅਤੇ ਤਲਵਾਰ ਚਲਾਉਣ ਵਿਚ ਵੀ ਨਿਪੁੰਨਤਾ ਹਾਸਲ ਕਰ ਲਈ। ਇਸ ਪ੍ਰਕਾਰ ਚੌਦਾਂ ਸਾਲ ਦੀ ਉਮਰ ਵਿਚ ਹੀ ਹਰੀ ਸਿੰਘ ਇਕ ਸੁਣੱਖੀ ਫੱਬ ਅਤੇ ਨਰੋਈ ਸਰੀਰਕ ਬਣਤਰ ਵਾਲਾ ਪ੍ਰਭਾਵਸ਼ਾਲੀ ਨੱਢਾ ਜਾਪਣ ਲੱਗਾ। 1804 ਈ: ਵਿਚ ਹਰੀ ਸਿੰਘ, ਮਹਾਰਾਜਾ ਰਣਜੀਤ ਸਿੰਘ ਵਲੋਂ ਲਾਹੌਰ ਵਿਚ ਕਰਵਾਏ ਜਾਂਦੇ ਵਾਰਸ਼ਿਕ ਫ਼ੌਜੀ ਭਰਤੀ ਮੇਲੇ ਦੇ ਅਵਸਰ 'ਤੇ ਪੁੱਜਾ। ਉਥੇ ਮਹਾਰਾਜਾ ਰਣਜੀਤ ਸਿੰਘ ਇਸ ਅਲ੍ਹੜ ਦਿਸਦੇ ਨੌਜਵਾਨ ਹਰੀ ਸਿੰਘ ਦੀ ਸ਼ਮਸ਼ੀਰ-ਬਾਜ਼ੀ, ਘੋੜ-ਸਵਾਰੀ ਅਤੇ ਬੰਦੂਕ-ਬਾਜ਼ੀ ਦੇ ਕਰਤਬਾਂ ਵਿਚ ਪ੍ਰਬੀਨਤਾ ਦੇਖ ਕੇ ਚੋਖਾ ਪ੍ਰਭਾਵਤ ਹੋਇਆ। ਸਿੱਟੇ ਵਜੋਂ ਹਰੀ ਸਿੰਘ ਮਹਾਰਾਜੇ ਦੇ ਹਜ਼ੂਰੀ 'ਖ਼ਿਦਮਤਗਾਰ' ਵਜੋਂ ਭਰਤੀ ਕਰ ਲਿਆ ਗਿਆ। ਇਸ ਉਪਰੰਤ ਜਦੋਂ ਮਹਾਰਾਜੇ ਨੂੰ ਹਰੀ ਸਿੰਘ ਦੇ ਪਿਤਾ ਅਤੇ ਦਾਦੇ ਦੀਆਂ ਪੰਥ ਅਤੇ ਸ਼ੁਕਰਚਕੀਆ ਸਰਦਾਰਾਂ ਪ੍ਰਤੀ ਉਲੇਖਣੀਆਂ ਸੇਵਾਵਾਂ ਦਾ ਪਤਾ ਲੱਗਾ ਤਾਂ ਮਹਾਰਾਜੇ ਨੇ ਇਕੋ ਸਾਲ ਅੰਦਰ ਹੀ ਹਰੀ ਸਿੰਘ ਨੂੰ 800 ਘੋੜ ਸਵਾਰਾਂ ਅਤੇ 800 ਪਿਆਦਾ ਫ਼ੌਜੀਆਂ ਦਾ ਰਿਸਾਲਦਾਰ ਬਣਾ ਦਿੱਤਾ। ਇਕ ਪ੍ਰਚਲਤ ਰਵਾਇਤ ਅਨੁਸਾਰ ਹਰੀ ਸਿੰਘ ਇਕ ਵੇਰ ਮਹਾਰਾਜਾ ਸਾਹਿਬ ਨਾਲ ਰਾਵੀ ਅਤੇ ਸਤਲੁਜ ਦਰਿਆਵਾਂ ਵਿਚਕਾਰਲੇ ਨੀਮ-ਪਹਾੜੀ ਇਲਾਕੇ ਦੇ ਜੰਗਲਾਂ ਵਿਚ ਸ਼ਿਕਾਰ ਲਈ ਗਿਆ। ਉਥੇ ਅਚਨਚੇਤ ਇਕ ਸ਼ੇਰ ਨੇ ਹਰੀ ਸਿੰਘ ਨੂੰ ਆਣ ਦਬੋਚਿਆ। ਹਰੀ ਸਿੰਘ ਨੇ ਮਹਾਰਾਜੇ ਦੀ ਨਿਗਾਹ ਸਾਹਵੇਂ ਹੀ ਹੱਥੋ-ਹੱਥੀਂ ਤਲਵਾਰ ਦੇ ਇਕੋ ਝਟਕੇ ਨਾਲ ਸ਼ੇਰ ਮਾਰ ਮੁਕਾਇਆ। ਅੰਗਰੇਜ਼ ਇਤਿਹਾਸਕਾਰ ਮੈਕਗਰੈਚਰ ਲਿਖਦਾ ਹੈ ਕਿ ਸ਼ਿਕਾਰ ਸਮੇਂ ਕੇਵਲ ਤਲਵਾਰ ਅਤੇ ਢਾਲ ਆਸਰੇ ਸ਼ੇਰ ਮਾਰਨਾ 'ਹਜ਼ੂਰੀ ਖ਼ਿਦਮਤਗਾਰਾਂ' ਲਈ ਸਭ ਤੋਂ ਕਰੜੀ ਪਰਖ ਸਮਝੀ ਜਾਂਦੀ ਸੀ। ਹਰੀ ਸਿੰਘ ਨੇ ਇਸੇ ਪਰਖ ਵਿਚੋਂ ਸਫਲ ਹੋ ਕੇ ਸਰਦਾਰੀ ਦਾ ਰੁਤਬਾ ਅਤੇ ਪਹਿਲੀ ਜਾਗੀਰ ਹਾਸਲ ਕੀਤੀ ਸੀ। ਸਿੱਖਾਂ ਦੇ ਵਿਸ਼ਿਸ਼ਟ ਵਰਗ ਵਿਚਕਾਰ ਹੁਣ ਤੱਕ ਦੰਦ ਕਥਾ ਇਹ ਵੀ ਪ੍ਰਚਲਤ

ਹੈ ਕਿ ਹਰੀ ਸਿੰਘ ਦੇ ਨਾਂ ਨਾਲ ਨਲਵਾ ਉਪ-ਨਾਮ ਉਸ ਦੇ ਸ਼ੇਰ ਦੇ ਸਫ਼ਲ ਸ਼ਿਕਾਰ ਉਪਰੰਤ ਹੀ ਲੱਗਾ ਸੀ। ਮਹਾਰਾਜੇ ਨੂੰ ਹਰੀ ਸਿੰਘ ਦਾ ਇਹ ਕਰਤਬ ਇਤਨਾ ਚੰਗਾ ਲੱਗਾ ਕਿ ਉਸ ਨੇ ਸ਼ੇਰ ਮਾਰਦੇ ਹਰੀ ਸਿੰਘ ਦੇ ਕਈ ਚਿੱਤਰ ਵੀ ਬਣਵਾਏ। ਜਰਮਨ ਸੈਲਾਨੀ ਬੈਰਨ ਹਿਊਗਲ ਜਦੋਂ ਹਰੀ ਸਿੰਘ ਦੀ ਗੁੱਜਰਾਂਵਾਲੇ ਵਾਲੀ ਹਵੇਲੀ ਵਿਚ ਉਸ ਦੇ ਮਹਿਮਾਨ ਵਜੋਂ ਠਹਿਰਿਆ ਤਾਂ ਉਸ ਨੇ ਇਕ ਅਜਿਹਾ ਚਿੱਤਰ ਹਵੇਲੀ ਦੀ ਇਕ ਕੰਧ ਉੱਪਰ ਬਣਿਆ ਦੇਖਿਆ ਸੀ। ਪਰ ਕਈ ਲੋਕ ਇਸ ਦੰਦ-ਕਥਾ (ਜੋ ਉਚੇਚੇ ਤੌਰ 'ਤੇ ਗੁੱਜਰਾਂਵਾਲੇ ਵਿਚ ਪ੍ਰਚਲਤ ਸੀ) ਨੂੰ ਇਕ ਹਿੰਦੂ ਮਿਥਿਹਾਸਕ ਰਾਜੇ 'ਨਲ' ਨਾਲ ਵੀ ਜੋੜਦੇ ਹਨ।

ਇਸ ਪ੍ਰਕਾਰ ਰਜਮੰਟ ਦਾ ਕਮਾਂਡਰ ਬਣਨ ਉਪਰੰਤ 1807 ਈ: ਵਿਚ ਹਰੀ ਸਿੰਘ ਕਸੂਰ ਦੀ ਮੁਹਿੰਮ ਵਿਚ ਸ਼ਾਮਿਲ ਹੋਇਆ। ਇਸ ਮੁਹਿੰਮ ਵਿਚ ਹਰੀ ਸਿੰਘ ਦੀਆਂ ਫੁਰਤੀਲੀਆਂ ਜੰਗੀ ਚਾਲਾਂ ਤੋਂ ਪ੍ਰਭਾਵਤ ਹੋ ਕੇ ਮਹਾਰਾਜੇ ਨੇ ਹਰੀ ਸਿੰਘ ਦੀ ਜਾਗੀਰ ਵਧਾ ਦਿੱਤੀ ਅਤੇ ਇਸ ਤੋਂ ਅੱਗੇ ਉਸ ਨੂੰ ਸਿਆਲਕੋਟ, ਸਾਹੀਵਾਲ, ਖ਼ੁਸ਼ਹਾਬ ਅਤੇ ਮੁਲਤਾਨ ਦੀਆਂ ਸਾਰੀਆਂ ਜੇਤੂ ਚਾਰ ਮੁਹਿੰਮਾਂ ਵਿਚ ਸ਼ਾਮਿਲ ਰੱਖਿਆ। ਇਸ ਤੋਂ ਛੁਟ ਉਸ ਨੂੰ ਦੀਵਾਨ ਮੋਹਕਮ ਚੰਦ ਮਲਹੋਤਰਾ ਨਾਲ ਅਟਕ ਦੀ ਲੜਾਈ ਅਤੇ ਕਸ਼ਮੀਰ ਦੀ ਜਿੱਤ ਲਈ ਭੇਜੀਆਂ ਦੋ ਮੁਹਿੰਮਾਂ ਵਿਚ ਵੀ ਸ਼ਾਮਿਲ ਕੀਤਾ ਗਿਆ। ਬਾਲਗ ਹੋਣ ਤੱਕ ਸ. ਹਰੀ ਸਿੰਘ ਨਲਵਾ ਮਹਾਰਾਜੇ ਦੇ ਪਹਿਲੀ ਕਤਾਰ ਦੇ ਪ੍ਰਮੁਖ ਸੈਨਿਕ ਅਫ਼ਸਰਾਂ ਵਿਚ ਆਪਣੀ ਚੰਗੀ ਥਾਂ ਬਣਾ ਚੁਕਾ ਸੀ। ਇਸੇ ਕਰਕੇ ਉਸ ਨੂੰ 1820 ਈ: ਵਿਚ ਕਸ਼ਮੀਰ ਦਾ ਨਾਜ਼ਮ (ਗਵਰਨਰ) ਨਿਯੁਕਤ ਕੀਤਾ ਗਿਆ।

ਕਸ਼ਮੀਰ ਦੀ ਜਿੱਤ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਦੀਵਾਨ ਮੋਤੀ ਰਾਮ ਨੂੰ ਨਾਜ਼ਮ (ਗਵਰਨਰ) ਨਿਯੁਕਤ ਕੀਤਾ ਸੀ। ਦੀਵਾਨ ਮੋਤੀ ਰਾਮ ਨੇ ਮਾਲੀਆ ਪ੍ਰਬੰਧ ਵੱਲ ਤਾਂ ਪੂਰਾ ਧਿਆਨ ਦਿੱਤਾ ਪਰ ਜੰਮੂ ਅਤੇ ਕਸ਼ਮੀਰ ਦੇ ਇਲਾਕੇ ਵਿਚ ਪੂਰਨ ਤੌਰ 'ਤੇ ਨਾ ਤਾਂ ਅਮਨ-ਸ਼ਾਂਤੀ ਬਹਾਲ ਹੋਈ ਅਤੇ ਨਾ ਹੀ ਖ਼ਾਲਸਾ ਸਰਕਾਰ

ਦਾ ਪੂਰਾ ਦਬ-ਦਬਾ ਬਣਿਆ। ਇਸ ਲਈ ਹਰੀ ਸਿੰਘ ਨਲਵਾ ਨੇ ਸਭ ਤੋਂ ਪਹਿਲਾਂ ਕਸ਼ਮੀਰ ਵਿਚੋਂ ਬਗ਼ਾਵਤੀ ਅਨਸਰਾਂ ਦਾ ਸਫ਼ਾਇਆ ਕਰਨ ਲਈ ਇਕ ਤਕੜੀ ਮੁਹਿੰਮ ਚਲਾਈ। ਸਿੱਟੇ ਵਜੋਂ ਮੀਰਪੁਰ ਅਤੇ ਬਾਰਾਮੂਲਾ ਦੇ ਬਾਗ਼ੀ ਕਬੀਲਿਆਂ ਨੇ ਈਨ ਮੰਨ ਲਈ ਅਤੇ ਖ਼ਾਲਸਾ ਦਰਬਾਰ ਦਾ ਬਣਦਾ ਖ਼ਿਰਾਜ ਵੀ ਤਾਰ ਦਿੱਤਾ। ਇਸੇ ਪ੍ਰਕਾਰ ਪੁੰਛ ਦੇ ਜ਼ਬਰਦਸਤ ਖ਼ਾਨ ਨੂੰ ਹਰੀ ਸਿੰਘ ਨਲਵਾ ਦੇ ਲਗਾਤਾਰ ਦਬਾਅ ਕਾਰਨ ਲਾਹੌਰ ਦੇ ਦਰਬਾਰ ਦੀ ਈਨ ਮੰਨਣੀ ਪਈ। ਹਰੀ ਸਿੰਘ ਨੂੰ ਸਭ ਤੋਂ ਗੰਭੀਰ ਜੰਗ ਬਾਂਬਾ ਅਤੇ ਖਾਖਾ ਕਬੀਲਿਆਂ (ਕਈ ਇਨ੍ਹਾਂ ਨੂੰ ਰਾਜਪੂਤ ਕਬੀਲੇ ਵੀ ਕਹਿੰਦੇ ਹਨ) ਵਿਰੁੱਧ ਲੜਨੀ ਪਈ। ਬਾਂਬਾ ਲੋਕ ਜਿਹਲਮ ਦਰਿਆ ਦੀ ਸਹਾਇਕ ਨਦੀ ਕਿਸ਼ਨ ਗੰਗਾ ਦੇ ਸੱਜੇ ਕਿਨਾਰੇ 'ਤੇ ਵਸੇ ਹੋਏ ਸਨ। ਉਨ੍ਹਾਂ ਦਾ ਨੇਤਾ ਜ਼ੁਲਫ਼ੇਕਾਰ ਅਲੀ ਸੀ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਹ ਲੋਕ ਬ੍ਰਾਹਮਣਾਂ ਵਿਚੋਂ ਮੁਸਲਮਾਨ ਬਣੇ ਸਨ। ਖਾਖਾ ਲੋਕ ਕਿਸ਼ਨ ਗੰਗਾ ਦੇ ਖੱਬੇ ਕਿਨਾਰੇ ਦੇ ਇਲਾਕੇ 'ਤੇ ਕਾਬਜ਼ ਸਨ ਅਤੇ ਉਨ੍ਹਾਂ ਦਾ ਨੇਤਾ ਗ਼ੁਲਾਮ ਅਲੀ ਸੀ। ਦਿਲਚਸਪ ਗੱਲ ਇਹ ਹੈ ਕਿ ਇਹ ਲੋਕ ਖੱਤਰੀ ਮੂਲ ਦੇ ਦੱਸੇ ਜਾਂਦੇ ਸਨ ਜਿਨ੍ਹਾਂ ਨੇ ਅਫ਼ਗ਼ਾਨ ਨਾਜ਼ਮਾਂ ਦੇ ਦਬਾ ਹੇਠ ਇਸਲਾਮ ਕਬੂਲ ਕੀਤਾ ਸੀ। ਦੋਵੇਂ ਹੀ ਇਤਨੇ ਸ਼ਕਤੀਸ਼ਾਲੀ ਕਬੀਲੇ ਸਨ ਅਤੇ ਉਨ੍ਹਾਂ ਦੇ ਮੁਖੀਆਂ ਨੇ ਕਦੇ ਅਫ਼ਗ਼ਾਨ ਨਾਜ਼ਮਾਂ ਨੂੰ ਵੀ ਖ਼ਿਰਾਜ ਨਹੀਂ ਤਾਰਿਆ ਸੀ। ਨਲਵੇ ਸਰਦਾਰ ਨੇ ਇਨ੍ਹਾਂ ਸ਼ਕਤੀਸ਼ਾਲੀ ਕਬੀਲਿਆਂ ਦੇ ਇਲਾਕਿਆਂ ਉੱਪਰ ਅਚਨਚੇਤ ਅੱਧੀ ਰਾਤ ਵੇਲੇ ਹਮਲਾ ਕੀਤਾ। ਟੇਕ ਸਿੰਘ (ਸਿੱਧੂ) ਅਤੇ ਹਾਕਮ ਸਿੰਘ ਦੀਆਂ ਸੈਨਿਕ ਟੁਕੜੀਆਂ ਦੀ ਸਹਾਇਤਾ ਨਾਲ ਇਨ੍ਹਾਂ ਵਿਰੁੱਧ ਤਿੰਨਾਂ ਪਾਸਿਓਂ ਜ਼ੋਰਦਾਰ ਹਮਲਾ ਕੀਤਾ ਗਿਆ। ਦੋਹਾਂ ਕਬੀਲਿਆਂ ਦੇ ਮੁਖੀ ਗ਼ੁਲਾਮ ਅਲੀ ਅਤੇ ਜ਼ੁਲਫੇਕਾਰ ਅਲੀ ਕੈਦ ਕਰ ਲਏ ਗਏ ਅਤੇ ਉਨ੍ਹਾਂ ਨੂੰ ਬੰਦੀ ਬਣਾ ਕੇ ਲਾਹੌਰ ਭੇਜ ਦਿੱਤਾ ਗਿਆ। ਇਸ ਸਾਰੇ ਇਲਾਕੇ ਦਾ ਬਣਦਾ ਪੂਰਾ ਮਾਲੀਆ ਵੀ ਉਗਰਾਹ ਲਿਆ ਗਿਆ। ਹਰੀ ਸਿੰਘ ਨਲਵਾ ਦੀ ਇਸ ਇਕੋ ਅਸਰਦਾਰ ਕਾਰਵਾਈ ਨਾਲ ਕਸ਼ਮੀਰ ਵਿਚ ਪੱਕੇ ਤੌਰ 'ਤੇ ਅਮਨ ਤੇ ਸ਼ਾਂਤੀ ਸੁਨਿਸ਼ਚਿਤ ਕਰ

ਲਈ ਗਈ। ਇਥੇ ਵਰਣਨ ਯੋਗ ਗੱਲ ਇਹ ਹੈ ਕਿ ਕਸ਼ਮੀਰ ਵਿਚ ਅਮਨ-ਸ਼ਾਂਤੀ ਦੀ ਅਜਿਹੀ ਹਾਲਤ ਮੁਗ਼ਲਾਂ-ਅਫ਼ਗਾਨਾਂ ਦੇ ਸਮੇਂ ਵੀ ਕਦੇ ਨਹੀਂ ਬਣ ਸਕੀ ਸੀ।

ਕਸ਼ਮੀਰ ਵਿਚ ਸਿਵਿਲ ਪ੍ਰਬੰਧ ਦੇ ਖੇਤਰ ਵਿਚ ਹਰੀ ਸਿੰਘ ਨਲਵਾ ਦੇ ਨਜ਼ਾਮਤ (ਗਵਰਨਰਸ਼ਿਪ) ਕਾਲ ਵਿਚ ਵਧੇਰੇ ਦਰਸ਼ਨੀ ਸੁਧਾਰ ਹੋਏ। 9-12 ਅਕਤੂਬਰ 1821 ਈ: ਨੂੰ ਕਸ਼ਮੀਰ ਵਿਚ ਭਿਆਨਕ ਹੜ੍ਹ ਆਏ ਜਿਨ੍ਹਾਂ ਨਾਲ ਬੇਮਿਸਾਲ ਤਬਾਹੀ ਹੋਈ। ਇਨ੍ਹਾਂ ਹੜ੍ਹਾਂ ਪਿਛੋਂ ਭੁਚਾਲ ਦੇ ਜ਼ੋਰਦਾਰ ਝਟਕੇ ਆਉਣ ਦਾ ਵੀ ਵਰਣਨ ਮਿਲਦਾ ਹੈ। ਲੋਕਾਂ ਦੇ ਅਨਗਿਣਤ ਘਰਾਂ, ਪੁਲਾਂ ਅਤੇ ਫ਼ਸਲਾਂ ਦੀ ਵੱਡੀ ਤਬਾਹੀ ਦੇ ਨਾਲ ਡੰਗਰ ਵੀ ਭਾਰੀ ਗਿਣਤੀ ਵਿਚ ਪਾਣੀ ਵਿਚ ਹੜ੍ਹ ਗਏ। ਸਿੱਟੇ ਵਜੋਂ ਕਸ਼ਮੀਰ ਦੇ ਚੋਖੇ ਇਲਾਕੇ ਵਿਚ ਕਾਲ ਪੈ ਗਿਆ ਅਤੇ ਲੋਕੀਂ ਭੁੱਖੇ ਮਰਨ ਲੱਗੇ। ਹਰੀ ਸਿੰਘ ਨੇ ਜਨਤਾ ਨੂੰ ਤੁਰੰਤ ਰਾਹਤ ਦੇਣ ਲਈ ਇਤਨੀ ਤੇਜ਼ੀ ਨਾਲ ਪ੍ਰਬੰਧ ਕੀਤੇ ਕਿ ਲੋਕੀਂ ਹੈਰਾਨ ਰਹਿ ਗਏ। ਕਣਕ ਅਤੇ ਚਾਵਲ ਦੋ ਰੁਪਏ ਮਣ (ਤਕਰੀਬਨ 36 ਕਿਲੋ) ਦੇ ਰਿਆਇਤੀ ਦਰ ਨਾਲ ਉਪਲਬਧ ਕਰਵਾਏ ਗਏ। ਨਵੀਂ ਫ਼ਸਲ ਬੀਜਣ ਲਈ ਰਿਆਇਤੀ ਦਰ ਦੇ ਸੂਦ 'ਤੇ ਕਰਜ਼ੇ ਦਿੱਤੇ ਗਏ। ਸਰਕਾਰੀ ਚਰਾਗਾਹਾਂ ਵਿਚ ਡੰਗਰ ਚਰਾਉਣ ਲਈ ਲਏ ਜਾਂਦੇ ਕਰ ਘਟਾ ਦਿੱਤੇ ਗਏ। ਟੈਕਸ ਇਕੱਠੇ ਕਰਨ ਦੀ ਵਿਧੀ ਸੁਖਾਲੀ ਬਣਾ ਦਿੱਤੀ ਗਈ। ਅਫ਼ਗਾਨੀ ਰਾਜ ਵਿਚ ਲਗਾਏ ਗਏ ਟੈਕਸਾਂ ਦੀਆਂ ਦਰਾਂ ਘਟਾ ਦਿੱਤੀਆਂ ਗਈਆਂ ਤਾਂ ਜੋ ਪਸ਼ਮੀਨਾ ਸ਼ਾਲ ਬਣਾਉਣ, ਉਨ੍ਹਾਂ ਦੀ ਕਢਾਈ ਅਤੇ ਕਾਗਜ਼ ਬਣਾਉਣ ਵਰਗੀਆਂ ਦਸਤਕਾਰੀਆਂ ਨੂੰ ਉਤਸ਼ਾਹਤ ਕੀਤਾ ਜਾ ਸਕੇ। ਹੜ੍ਹਾਂ ਨਾਲ ਪ੍ਰਭਾਵਤ ਹੋਏ ਲੋਕਾਂ ਤੋਂ ਇਕ ਸਾਲ ਲਈ ਜ਼ਮੀਨੀ ਮਾਲੀਏ ਦੀ ਮੰਗ ਘਟਾ ਦਿੱਤੀ ਗਈ ਜਿਸ ਨਾਲ ਲੋਕਾਂ ਨੂੰ ਅਗਲੀ ਫ਼ਸਲ ਦੀ ਬਿਜਾਈ ਵਿਚ ਭਾਰੀ ਸਹੂਲਤ ਹੋਈ। ਜਨਮ ਅਤੇ ਵਿਆਹ-ਸ਼ਾਦੀ ਸਮੇਂ ਉਗਰਾਹੇ ਜਾਂਦੇ ਵਿਸ਼ੇਸ਼ ਟੈਕਸ ਮਾਫ਼ ਕਰ ਦਿੱਤੇ ਗਏ। ਕੇਸਰ ਦੀ ਕਾਸ਼ਤ ਜੋ ਹਿੰਦੂਆਂ ਲਈ ਮਨਾਹੀ ਸੀ, ਬਹਾਲ ਕਰ ਦਿੱਤੀ ਗਈ ਅਤੇ ਸਾਰੇ ਕਸ਼ਮੀਰ ਵਿਚ ਗਊ-ਕਸ਼ੀ ਉੱਪਰ ਵੀ ਰੋਕ ਲਗਾ ਦਿੱਤੀ ਗਈ।

ਮੁਗ਼ਲ-ਅਫ਼ਗ਼ਾਨ ਦਮਨਕਾਰੀ ਸ਼ਾਸਨਾਂ ਦੌਰਾਨ ਅਤੇ ਹੜ੍ਹਾਂ ਉਪਰੰਤ ਕਾਲ-ਪੀੜਤ ਕਸ਼ਮੀਰੀ ਲੁਕਾਈ ਅਤੇ ਧਰਤੀ ਦੀ ਇਸ 'ਬਹਿਸ਼ਤ' ਦੀ ਸ਼ਾਨ ਬਹਾਲ ਕਰਨ ਦਾ ਕਾਰਜ ਹਰੀ ਸਿੰਘ ਨਲਵਾ ਨੇ ਇਤਨੇ ਸਿਰੜ ਤੇ ਲਗਨ ਨਾਲ ਕੀਤਾ ਕਿ ਲਗਭਗ ਇਕੋ ਸਾਲ ਵਿਚ ਕੇਸਰ ਕਿਆਰੀਆਂ ਮਹਿਕ ਉੱਠੀਆਂ, ਸ਼ਾਲਾਂ ਦੀ ਕਢਾਈ ਕਰਨ ਵਾਲਿਆਂ ਦੀਆਂ ਸੂਈਆਂ ਤੇਜ਼ੀ ਨਾਲ ਚਲਣ ਲੱਗੀਆਂ ਅਤੇ ਇਕੋ ਸਾਲ ਵਿਚ ਹੀ ਪਸ਼ਮੀਨੇ ਦੀਆਂ ਕਸ਼ਮੀਰੀ ਸ਼ਾਲਾਂ ਦੀ ਬਰਾਮਦ 36 ਲੱਖ ਨਾਨਕਸ਼ਾਹੀ ਰੁਪਏ ਤੱਕ ਜਾ ਪੁੱਜੀ। ਖ਼ਾਲਸਾ ਰਾਜ ਦੌਰਾਨ ਪਸ਼ਮੀਨੇ ਦੇ ਸ਼ਾਲ ਯੂਰਪੀ ਦੇਸ਼ਾਂ ਤੱਕ ਬਰਾਮਦ ਕੀਤੇ ਜਾਂਦੇ ਸਨ। ਲਾਹੌਰ-ਅੰਮ੍ਰਿਤਸਰ ਦੇ ਸਰਦੇ-ਪੁਜਦੇ ਘਰਾਂ ਵਿਚ ਕਸ਼ਮੀਰੀ ਹਿੰਦੂਆਂ ਪਾਸੋਂ ਜ਼ੋਰੀ ਲਈ ਜਾਂਦੀ ਬੇਗਾਰ ਪੂਰੀ ਤਰ੍ਹਾਂ ਖ਼ਤਮ ਕੀਤੀ ਗਈ ਅਤੇ ਕਸ਼ਮੀਰੀ ਹਿੰਦੂਆਂ ਉੱਪਰ ਸਿਰ 'ਤੇ ਪਗੜੀ ਨਾ ਬੰਨ੍ਹ ਸਕਣ ਅਤੇ ਰੇਸ਼ਮੀ ਕੱਪੜੇ ਨਾ ਪਹਿਣਨ ਵਰਗੀਆਂ ਸ਼ਰਮਨਾਕ ਰੋਕਾਂ ਤੇ ਬੰਦਸ਼ਾਂ ਦਾ ਅੰਤ ਕਰਕੇ ਉਨ੍ਹਾਂ ਦਾ ਸਵੈਮਾਣ ਬਹਾਲ ਕੀਤਾ ਗਿਆ। ਹਰੀ ਸਿੰਘ ਨੇ ਅਫ਼ਗ਼ਾਨੀ ਅਤੇ ਮੁਗ਼ਲਈ ਸਿੱਕਿਆਂ ਦੀ ਵਰਤੋਂ ਉੱਪਰ ਪੱਕੇ ਤੌਰ 'ਤੇ ਰੋਕ ਲਗਾ ਕੇ ਖ਼ਾਲਸਾ ਦਰਬਾਰ ਦਾ ਇਕੋ ਇਕ ਪ੍ਰਵਾਣਤ ਨਾਨਕਸ਼ਾਹੀ ਸਿੱਕਾ ਕਾਨੂੰਨੀ ਸਿੱਕਾ ਪ੍ਰਚਲਤ ਕਰਨ ਦਾ ਫ਼ੈਸਲਾ ਕਰ ਦਿੱਤਾ। ਇਸੇ ਲਈ ਕਸ਼ਮੀਰੀਆਂ ਵਿਚ ਇਸ ਸਿੱਕੇ ਦਾ ਨਾਂ ਹਰੀ ਸਿੰਘੀ ਸਿੱਕਾ ਪ੍ਰਚਲਤ ਹੋ ਗਿਆ ਅਤੇ ਇਹੀ ਸਿੱਕਾ ਉਨ੍ਹੀਵੀਂ ਸਦੀ ਦੇ ਅੰਤ ਤੱਕ ਚਲਦਾ ਰਿਹਾ। ਮਾਪ-ਤੋਲ ਦੇ ਵੱਟਿਆਂ ਆਦਿ ਦਾ ਵੀ ਪ੍ਰਮਾਣੀਕਰਨ ਕੀਤਾ ਗਿਆ। ਉਪ੍ਰੋਕਤ ਸਭ ਦੂਰ-ਰਸੀ ਸੁਧਾਰਾਂ ਸਦਕਾ ਹੀ ਕੈਪਟਨ ਵੇਡ ਨੇ ਆਪਣੀ ਇਕ ਗਵਰਨਰ ਜਨਰਲ ਵੱਲ ਭੇਜੀ ਰੀਪੋਰਟ ਵਿਚ ਲਿਖਿਆ ਸੀ— ਹਰੀ ਸਿੰਘ ਨੂੰ ਪਹਿਲਾਂ ਕਸ਼ਮੀਰ ਵਿਚ ਸਰਕਾਰ ਚਲਾਉਣ ਦੀ ਜ਼ਿੰਮੇਦਾਰੀ ਸੌਂਪੀ ਗਈ ਸੀ। ਆਪਣੇ ਦੋ ਸਾਲ ਦੇ ਕਾਰਜ-ਕਾਲ ਵਿਚ ਹੀ ਹਰੀ ਸਿੰਘ ਸਿੱਖਾਂ ਦਾ ਸਭ ਤੋਂ ਸਿਆਣਾ ਅਤੇ ਲੋਕ ਪ੍ਰਿਯ ਨਾਜ਼ਮ (ਗਵਰਨਰ) ਕਰਕੇ ਪ੍ਰਸਿੱਧ ਹੋਇਆ। ਕਿਹਾ ਇਹ ਵੀ ਜਾਂਦਾ ਹੈ ਕਿ ਆਮ ਕਸ਼ਮੀਰੀ ਲੋਕ ਹਰੀ ਸਿੰਘ ਦੀ ਕਸ਼ਮੀਰ ਨੂੰ ਦੇਣ ਦੇ ਇਤਨੇ ਪ੍ਰਸੰਸਕ ਬਣ ਗਏ ਸਨ

ਕਿ ਉਨ੍ਹਾਂ ਵਿਚੋਂ ਕਈ ਹਰੀ ਸਿੰਘ ਨਲਵਾ ਦੀ ਗੁੱਜਰਾਂਵਾਲੇ ਵਾਲੀ ਜਾਗੀਰ ਵਿਚ ਹੀ ਆ ਕੇ ਆਬਾਦ ਹੋ ਗਏ ਸਨ।

ਹਰੀ ਸਿੰਘ ਖ਼ਾਲਸਾ ਰਾਜ ਦੀਆਂ ਹੱਦਾਂ ਸੁਰੱਖਿਅਤ ਰੱਖਣ ਸਬੰਧੀ ਚੋਖਾ ਸੁਚੇਤ ਸੀ। ਇਸੇ ਲਈ ਉਹ ਲੇਹ-ਲਦਾਖ ਦੇ ਇਲਾਕੇ ਕਸ਼ਮੀਰ ਨਾਲ ਰਲਾਉਣ ਲਈ ਉਤਸੁਕ ਸੀ। ਅੰਗਰੇਜ਼ ਕੂਟਨੀਤਕ ਕਾਰਵਾਈਆਂ ਕਰ ਕੇ ਮਹਾਰਾਜੇ ਨੇ ਹਰੀ ਸਿੰਘ ਨੂੰ ਲੇਹ-ਲਦਾਖ ਦੀ ਜਿੱਤ ਦੀ ਆਗਿਆ ਤਾਂ ਨਾ ਦਿੱਤੀ ਪਰ ਹਰੀ ਸਿੰਘ ਨਲਵਾ ਨੇ ਲਦਾਖ ਦੇ ਰਾਜੇ ਤੋਂ ਖ਼ਿਰਾਜ ਉਗਰਾਹ ਲਿਆ ਅਤੇ ਇਸ ਪ੍ਰਕਾਰ ਲਦਾਖ ਦੇ ਖੇਤਰ ਵਿਚ ਖ਼ਾਲਸਾ ਸਰਕਾਰ ਦੀ ਪ੍ਰਮੁੱਖਤਾ ਮੰਨਵਾ ਲਈ। ਕਸ਼ਮੀਰ ਦੀ ਜਿੱਤ ਉਪਰੰਤ ਖ਼ਾਲਸਾ ਰਾਜ ਦੇ ਉੱਤਰ-ਪੱਛਮੀ ਸਰਹੱਦਾਂ ਦੀ ਸੁਰੱਖਿਆ ਦੀ ਸਮੱਸਿਆ ਬੜੀ ਗੰਭੀਰ ਬਣ ਗਈ ਸੀ ਕਿਉਂਕਿ ਹਜ਼ਾਰਾ ਦੇ ਰਸਤੇ ਹੀ ਅਫ਼ਗਾਨ ਕਬਾਇਲੀ ਕਸ਼ਮੀਰ ਵੱਲ ਆਉਂਦੇ ਸੀ। ਹਜ਼ਾਰਾ ਖੇਤਰ ਦੇ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਤਾਂ ਲਏ ਸਨ ਪਰ ਇਥੇ ਸੁਰੱਖਿਆ ਵਿਵਸਥਾ ਸੰਗਠਿਤ ਨਹੀਂ ਹੋ ਸਕੀ ਸੀ। ਅਫ਼ਗਾਨ ਅਟਕ ਦੇ ਰਸਤੇ ਕਸ਼ਮੀਰ 'ਤੇ ਲਗਾਤਾਰ ਹਮਲੇ ਕਰਦੇ ਅਤੇ ਕਸ਼ਮੀਰ ਉੱਪਰ ਅਧਿਕਾਰ ਦਾ ਦਾਅਵਾ ਵੀ ਕਰਦੇ ਸਨ। 1813 ਵਿਚ ਅਟਕ ਦੀ ਜਿੱਤ ਉਪਰੰਤ ਉਥੋਂ ਮਾਲੀਆ ਉਗਰਾਹੁਣਾ ਅਤੇ ਅਮਨ-ਸ਼ਾਂਤੀ ਬਣਾ ਕੇ ਪੂਰਨ ਤੌਰ 'ਤੇ ਸਰਕਾਰੀ ਅਧਿਕਾਰ ਜਮਾਉਣਾ ਇਕ ਵੱਡੀ ਸਮੱਸਿਆ ਬਣੀ ਹੋਈ ਸੀ। ਕਸ਼ਮੀਰ ਉੱਪਰ ਫ਼ਤਹਿ ਖ਼ਾਨ ਨੇ ਹਮਲਾ ਕਰਨ ਦਾ ਹੀਆ ਵੀ ਕੀਤਾ। ਇਸੇ ਦੌਰਾਨ ਰਾਵਲਪਿੰਡੀ ਦਾ ਸਿੱਖ ਸੂਬੇਦਾਰ ਮੱਖਣ ਸਿੰਘ ਅਤੇ ਹਜ਼ਾਰੇ ਦਾ ਨਾਜ਼ਮ ਅਮਰ ਸਿੰਘ ਕਲਾਂ (ਮਜੀਠੀਆ) ਦੇ ਪਠਾਨਾਂ ਹੱਥੋਂ ਮਾਰੇ ਜਾਣ ਕਾਰਨ ਖ਼ਾਲਸਾ ਦਰਬਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵੱਕਾਰ ਨੂੰ ਕਾਫ਼ੀ ਹਾਨੀ ਪੁੱਜੀ। ਹੁਕਮਾ ਸਿੰਘ ਚਿਮਨੀ, ਕੰਵਰ ਸ਼ੇਰ ਸਿੰਘ, ਤਾਰਾ ਸਿੰਘ ਅਤੇ ਸਰਦਾਰਨੀ ਸਦਾ ਕੌਰ ਅਧੀਨ ਭੇਜੀਆਂ ਫ਼ੌਜਾਂ ਨੂੰ ਵੀ ਕੋਈ ਸਫਲਤਾ ਨਾ ਮਿਲੀ। ਦੀਵਾਨ ਮੋਤੀ ਰਾਮ ਦਾ ਪੁੱਤਰ ਰਾਮ ਦਿਆਲ (ਜੋ ਹਜ਼ਾਰੇ ਦਾ ਨਾਜ਼ਮ ਸੀ) ਵੀ ਇਸੇ ਸਮੇਂ ਪਠਾਨਾਂ ਹਥੋਂ ਮਾਰਿਆ ਗਿਆ। ਅਜਿਹੇ ਗੰਭੀਰ ਹਾਲਾਤ ਦੇ ਟਾਕਰੇ

ਲਈ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਖਰੂਦੀ ਕਬਾਇਲੀ ਇਲਾਕਿਆਂ ਵਿਚ ਹਰੀ ਸਿੰਘ ਨਲਵਾ ਦੀ ਨਿਯੁਕਤੀ ਕਰਨ ਦਾ ਫ਼ੈਸਲਾ ਕੀਤਾ। ਮਹਾਰਾਜੇ ਨੂੰ ਪੂਰੀ ਜਾਣਕਾਰੀ ਸੀ ਕਿ ਕੁਝ ਹੀ ਸਮਾਂ ਪਹਿਲਾਂ, ਹਰੀ ਸਿੰਘ ਨੇ ਕਸ਼ਮੀਰ ਦੀ ਜਿੱਤ ਪਿਛੋਂ ਹਜ਼ਾਰਾ ਇਲਾਕੇ ਵਿਚ ਪਹਿਲੀ ਜਿੱਤ ਪ੍ਰਾਪਤ ਕਰ ਕੇ ਇਥੋਂ ਮਾਲੀਆ ਉਗਰਾਹ ਲਿਆ ਸੀ ਅਤੇ ਬਾਕਾਇਦਾ ਪ੍ਰਬੰਧਕ ਵਿਵਸਥਾ ਸੰਗਠਿਤ ਕਰਨ ਲਈ ਤਾਰਬੇਲਾ ਵਿਖੇ ਥਾਣਾ ਵੀ ਕਾਇਮ ਕਰ ਦਿੱਤਾ ਸੀ। ਇਸੇ ਪਿਛੋਕੜ ਨੂੰ ਧਿਆਨ ਵਿਚ ਰੱਖ ਕੇ ਹਰੀ ਸਿੰਘ ਦੀ ਕਾਬਲੀਅਤ ਸਦਕਾ ਉਸ ਨੂੰ ਕਸ਼ਮੀਰ ਤੋਂ ਹਜ਼ਾਰਾ ਵਿਖੇ ਭੇਜਿਆ ਗਿਆ।

ਸ. ਹਰੀ ਸਿੰਘ ਨਲਵਾ ਦੇ ਜੀਵਨ ਦੇ ਅਗਲੇ 15 ਸਾਲ (1822-37) ਹਜ਼ਾਰਾ ਤੋਂ ਪਿਸ਼ਾਵਰ ਤੱਕ ਦੇ ਇਲਾਕੇ ਵਿਚ ਹੀ ਗੁਜ਼ਰੇ। ਦਿਲਚਸਪ ਗੱਲ ਇਹ ਹੈ ਕਿ ਭਾਰਤ ਦੀ ਉੱਤਰ-ਪੱਛਮੀ ਸੀਮਾ ਖ਼ੈਬਰ ਅਤੇ ਕਰਾਕੁੱਰਮ ਦਰਿਆ ਤੱਕ ਨਿਸ਼ਚਿਤ ਕਰਨ ਦਾ ਜੋ ਸੰਕਲਪ ਸਭ ਤੋਂ ਪਹਿਲਾਂ ਅਸ਼ੋਕ ਅਤੇ ਫੇਰ ਅਕਬਰ ਵਰਗੇ ਮਹਾਨ ਸਮਰਾਟਾਂ ਦੁਆਰਾ ਚਿਤਵਿਆ ਗਿਆ ਸੀ, ਉਸ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਸੁਪ੍ਰਸਿੱਧ ਜਰਨੈਲ ਹਰੀ ਸਿੰਘ ਨਲਵਾ ਨੇ ਇਹੀ ਹੱਦਾਂ ਨਿਸ਼ਚਿਤ ਕਰ ਕੇ ਇਤਿਹਾਸ ਦੀ ਮੁਹਾੜ ਮੋੜੀ ਸੀ। ਉਨ੍ਹਾਂ ਦੀ ਇਸ ਕਾਰਗਾਰ ਨੀਤੀ ਸਦਕਾ ਹੀ ਅਫ਼ਗ਼ਾਨੀ ਧਾੜਵੀਆਂ ਦਾ ਪੰਜਾਬ ਦੇ ਮੈਦਾਨਾਂ ਵੱਲ ਕੇਂਦਰੀ ਏਸ਼ੀਆ ਅਤੇ ਅਫ਼ਗ਼ਾਨਿਸਤਾਨ ਦੇ ਪਹਾੜਾਂ ਵੱਲੋਂ ਆਉਣਾ ਬੰਦ ਹੋ ਗਿਆ ਸੀ। ਇਸੇ ਨੀਤੀ ਨੂੰ ਅੰਗਰੇਜ਼ੀ ਬਸਤੀਵਾਦੀ ਸਾਮਰਾਜੀ ਸਰਕਾਰ ਨੇ ਕਾਇਮ ਰੱਖਿਆ। ਪਰ 1947 ਵਿਚ ਭਾਰਤੀ ਉਪ-ਮਹਾਂਦੀਪ ਦੀ ਵੰਡ ਕਾਰਨ ਜਦੋਂ ਨਵੀਆਂ ਹੱਦਾਂ ਉਲੀਕੀਆਂ ਗਈਆਂ ਤਾਂ ਇਹ ਸੰਤੁਲਨ ਕਾਇਮ ਨਾ ਰਹਿ ਸਕਿਆ ਅਤੇ ਪਾਕਿਸਤਾਨੀ ਨੇਤਾਵਾਂ ਨੇ ਇਸ ਖ਼ਿੱਤੇ ਵਿਚ ਇਸਲਾਮੀ ਪਸਾਰਵਾਦ ਨੂੰ ਪੁਨਰ ਸੁਰਜੀਤ ਕਰਨ ਲਈ ਕਸ਼ਮੀਰ ਉੱਪਰ ਅਖੌਤੀ ਕਬਾਇਲੀਆਂ ਦੇ ਹਮਲੇ ਦਾ ਵਾਵੇਲਾ ਪੈਦਾ ਕਰ ਕੇ ਦੱਖਣੀ ਏਸ਼ੀਆ ਦੀ ਨਵੀਂ ਰਾਜਨੀਤਕ ਬਣਤਰ ਵਿਚ ਕਸ਼ਮੀਰ ਸਮੱਸਿਆ ਦਾ ਹਊਆ ਖੜਾ ਕਰ ਦਿੱਤਾ ਤਾਂ ਜੋ ਭਾਰਤੀ ਉਪ-

ਮਹਾਂਦੀਪ ਦੇ ਨਕਸ਼ੇ 'ਤੇ ਪਾਕਿਸਤਾਨ ਦੀ ਹੋਂਦ ਦੀ ਅਨੁਕੂਲਤਾ ਨੂੰ ਪ੍ਰਾਸੰਗਕ ਬਣਾਇਆ ਜਾ ਸਕੇ। ਇਸੇ ਸੰਦਰਭ ਵਿਚ ਇਤਿਹਾਸਕਾਰੀ ਕਿਆਸ ਅਰਾਈਆਂ ਅਨੁਸਾਰ, ਜੇ ਹਰੀ ਸਿੰਘ ਨਲਵਾ ਨੂੰ ਕਸ਼ਮੀਰ ਵਿਚ ਕੁਝ ਹੋਰ ਸਮਾਂ ਮਿਲ ਜਾਂਦਾ ਤਾਂ ਸ਼ਾਇਦ ਵਰਤਮਾਨ ਕਸ਼ਮੀਰ ਦੀਆਂ ਪ੍ਰਸਥਿਤੀਆਂ ਵਿਚ ਇਸ ਪ੍ਰਕਾਰ ਦਾ ਬਦਲਾਅ ਆ ਜਾਂਦਾ ਕਿ ਪਾਕਿਸਤਾਨ ਲਈ ਅਜਿਹਾ ਕਰਨਾ ਸੰਭਵ ਹੀ ਨਾ ਹੋ ਸਕਦਾ।

ਉਨ੍ਹੀਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੇ ਅੰਤ ਤੱਕ ਬਰਤਾਨਵੀ ਬਸਤੀਵਾਦ ਨੇ ਭਾਰਤੀ ਉਪ-ਮਹਾਂਦੀਪ ਦੇ ਚੋਖੇ ਇਲਾਕੇ ਉੱਤੇ ਆਪਣਾ ਅਧਿਕਾਰ ਜਮਾ ਲਿਆ ਸੀ। ਦੱਖਣ ਤੋਂ ਗੰਗਾ ਜਮਨਾ ਦੇ ਵਿਸ਼ਾਲ ਉਪਜਾਊ ਮੈਦਾਨ ਤੱਕ ਅਤੇ ਪੂਰਬ ਵਿਚ ਕਲਕੱਤੇ ਤੋਂ ਪੱਛਮ ਵਿਚ ਮਹਾਰਾਸ਼ਟਰ (ਮੁੰਬਈ), ਗੁਜਰਾਤ ਅਤੇ ਰਾਜਪੂਤਾਨੇ ਦੇ ਖੇਤਰ ਤੱਕ ਮੁਗ਼ਲ ਸਮਰਾਟ ਦਾ ਅਧਿਕਾਰ/ਰਾਜ ਨਾਂ-ਮਾਤਰ ਹੀ ਰਹਿ ਗਿਆ ਸੀ। ਮੁਗ਼ਲਾਂ ਦੇ ਵੱਡੇ-ਵੱਡੇ ਮਨਸਬਦਾਰਾਂ ਜਾਂ ਨਾਜ਼ਮਾਂ ਅਤੇ ਮਰਾਠਾ ਸੰਗਠਨ ਦੇ ਜਰਨੈਲਾਂ ਨੇ ਅੰਗਰੇਜ਼ ਈਸਟ ਇੰਡੀਆ ਕੰਪਨੀ ਨੂੰ ਸਰਬ-ਉੱਚ ਅਤੇ ਸ਼ਕਤੀਸ਼ਾਲੀ ਮੰਨ ਕੇ ਇਸ ਦੀ ਪ੍ਰਮੁੱਖਤਾ/ਅਧੀਨਗੀ ਪ੍ਰਵਾਨ ਕਰ ਰੱਖੀ ਸੀ। ਸਿੱਟੇ ਵਜੋਂ ਮੁਸਲਮਾਨਾਂ ਵਿਚ ਹੀਣ ਭਾਵਨਾ ਅਤੇ ਬੇਚੈਨੀ ਪਸਰਨ ਲੱਗੀ। ਇਸ ਸਥਿਤੀ ਦੇ ਟਾਕਰੇ ਲਈ ਕੱਟੜ-ਪੰਥੀ ਮੁਸਲਮਾਨ ਮੌਲਾਣਿਆਂ ਨੇ ਵਹਾਬੀ (ਸੁਧਾਰ) ਲਹਿਰ ਦਾ ਭਾਰਤ ਵਿਚ ਪ੍ਰਚਾਰ ਕਰਨਾ ਆਰੰਭ ਦਿੱਤਾ। ਰਾਇ ਬਰੇਲੀ (ਵਰਤਮਾਨ ਉੱਤਰ ਪ੍ਰਦੇਸ਼) ਵਿਚ 1796 ਈ: ਵਿਚ ਜਨਮੇ ਸੱਯਦ ਅਹਿਮਦ ਵਲੋਂ ਚਲਾਈ ਤਰਗ਼ੀਬ-ਇ-ਮੁਹੰਮਦੀਆ ਨਾਂ ਦੀ ਇਸਲਾਮੀ ਸੁਧਾਰ ਲਹਿਰ ਦਾ ਮੁਖ ਨਾਅਰਾ 'ਕਾਫ਼ਰਾਂ' ਨੂੰ ਭਾਰਤ ਵਿਚੋਂ ਕੱਢਣ ਦਾ ਸੀ। ਦਿੱਲੀ ਦੇ ਸ਼ਾਹ ਇਸਮਾਇਲ ਅਤੇ ਮੌਲਵੀ ਅਬਦੁਲ ਹਈ ਉਸ ਦੇ ਉੱਘੇ ਸਾਥੀ ਬਣੇ। ਸੱਯਦ ਅਹਿਮਦ ਨੇ ਕਲਕੱਤੇ ਤੋਂ ਦਿੱਲੀ ਤੱਕ ਦੇ ਵਿਸ਼ਾਲ ਖੇਤਰ ਵਿਚ ਕਈ ਥਾਈਂ ਮੁਸਲਮਾਨਾਂ ਦੇ ਵੱਡੇ-ਵੱਡੇ ਇਕੱਠਾਂ ਨੂੰ ਸੰਬੋਧਨ ਕੀਤਾ। ਦਿੱਲੀ ਦੇ ਨਾਮ ਨਿਹਾਦ ਮੁਗ਼ਲ ਬਾਦਸ਼ਾਹ ਅਤੇ ਕਈ ਮੁਸਲਮਾਨ ਨਵਾਬਾਂ ਨੇ ਉਸ ਦੀ ਮਾਇਕ

ਸਹਾਇਤਾ ਵੀ ਕੀਤੀ ਅਤੇ ਉਸ ਦੁਆਲੇ ਲਗਭਗ ਇਕ ਲੱਖ ਮੁਸਲਮਾਨਾਂ ਦੀ ਵਹੀਰ ਇਕੱਠੀ ਹੋ ਗਈ। ਇਸਲਾਮੀ ਪਰਿਭਾਸ਼ਾ ਵਿਚ ਤਾਂ ਅੰਗਰੇਜ਼ ਹੀ ਕਾਫ਼ਰ ਹਨ। ਪਰ ਸੱਯਦ ਅਹਿਮਦ ਬਰੇਲਵੀ ਨੇ ਅਲਾਹਾਬਾਦ ਦੇ ਸ਼ੇਖ ਗ਼ੁਲਾਮ ਅਲੀ ਰਈਸ ਰਾਹੀਂ ਉੱਤਰ ਪੱਛਮੀ ਸਰਹੱਦੀ ਸੂਬੇ (ਵਰਤਮਾਨ ਉੱਤਰ ਪ੍ਰਦੇਸ਼) ਦੇ ਉਪ-ਗਵਰਨਰ ਨੂੰ ਇਹ ਸਪੱਸ਼ਟ ਕਰ ਦਿੱਤਾ ਕਿ ਉਸ ਦੀ ਜਹਾਦੀ ਲਹਿਰ ਕੇਵਲ ਸਿੱਖਾਂ ਵਿਰੁੱਧ ਹੀ ਸੀ ਜਿਨ੍ਹਾਂ ਨੇ ਲਾਹੌਰ ਅਤੇ ਇਸ ਤੋਂ ਪਾਰਲੇ ਵਿਸ਼ਾਲ ਮੁਸਲਮਾਨੀ ਬਹੁ-ਗਿਣਤੀ ਵਾਲੇ ਖੇਤਰ ਵਿਚ ਆਪਣਾ ਰਾਜ ਬਣਾ ਰੱਖਿਆ ਸੀ ਅਤੇ ਉਹ ਮੁਸਲਮਾਨਾਂ ਉਤੇ ਜ਼ੁਲਮ ਕਰ ਰਹੇ ਸਨ। ਸੱਯਦ ਅਹਿਮਦ ਦਾ ਇਹ ਵੀ ਪ੍ਰਚਾਰ ਸੀ ਕਿ ਸਿੱਖ ਮੁਸਲਮਾਨਾਂ ਨੂੰ ਨਮਾਜ਼ ਲਈ ਅਜ਼ਾਂ (ਬਾਂਗ) ਨਹੀਂ ਦੇਣ ਦਿੰਦੇ ਸਨ ਅਤੇ ਉਨ੍ਹਾਂ ਨੇ ਗਊ-ਕਸ਼ੀ ਵੀ ਬੰਦ ਕਰ ਰੱਖੀ ਸੀ। ਗਵਰਨਰ ਨੇ ਸੱਯਦ ਅਹਿਮਦ ਦੇ ਪੱਤਰ ਦੇ ਉੱਤਰ ਵਿਚ ਇਹ ਲਿਖ ਭੇਜਿਆ ਕਿ ਅੰਗਰੇਜ਼ੀ ਸਰਕਾਰ ਨੂੰ ਅਜਿਹੇ ਪ੍ਰਚਾਰ ਸੰਬੰਧੀ ਉਤਨੀ ਦੇਰ ਕੋਈ ਇਤਰਾਜ਼ ਨਹੀਂ ਹੋਵੇਗਾ ਜਦੋਂ ਤੱਕ ਇਸ ਨਾਲ ਅਮਨ-ਕਾਨੂੰਨ ਵਿਚ ਕੋਈ ਗੜਬੜ ਨਾ ਹੋਵੇ। 1822 ਈਸਵੀ ਵਿਚ ਸੱਯਦ ਅਹਿਮਦ ਆਪਣੀ ਇਸ ਲਹਿਰ ਦੀ ਸਫਲਤਾ ਲਈ ਦੁਆ (ਅਰਦਾਸ) ਕਰਨ ਲਈ ਮੱਕੇ ਚਲਾ ਗਿਆ। ਉਥੋਂ ਦੇ ਵਹਾਬੀਆਂ (ਸੁਧਾਰਕਾਂ) ਨਾਲ ਸੰਪਰਕ ਕਰ ਕੇ ਉਸ ਨੇ ਪ੍ਰਚਾਰ ਕੀਤਾ ਕਿ ਉਸ ਦਾ ਨਿਸ਼ਾਨਾ ਹਿੰਦੁਸਤਾਨ ਦੇ ਹਰੇਕ ਜ਼ਿਲ੍ਹੇ ਵਿਚ ਮੁਹੰਮਦੀ ਜਾਂ ਹਲਾਲੀ (ਚੰਨ ਤਾਰੇ ਵਾਲਾ) ਝੰਡਾ ਗੱਡਣਾ ਸੀ। ਪਰ ਸੱਯਦ ਅਹਿਮਦ ਨਾਲੋ-ਨਾਲ ਇਹ ਵੀ ਜ਼ੋਰਦਾਰ ਪ੍ਰਚਾਰ ਕਰਦਾ ਕਿ ਉਸ ਦਾ ਜਹਾਦ 'ਹਾਲ ਦੀ ਘੜੀ' ਕੇਵਲ ਸਿੱਖਾਂ ਵਿਰੁੱਧ ਹੀ ਸੀ। ਇਸ ਲਈ ਭਾਰਤ ਵਿਚਲੀ ਅੰਗਰੇਜ਼ੀ ਸਰਕਾਰ ਨੇ ਇਸ ਲਹਿਰ ਪ੍ਰਤੀ 'ਨਾ ਰੱਦ ਨਾ ਕਬੂਲ' ਵਾਲੀ ਨੀਤੀ ਬਣਾਈ ਰੱਖੀ। ਇਹ ਸ਼ਾਇਦ ਉਨ੍ਹਾਂ ਦੀ ਕੂਟਨੀਤਕ ਨੀਤੀ ਦੇ ਅਨੁਕੂਲ ਵੀ ਸੀ। ਸੱਯਦ ਅਹਿਮਦ ਮੱਕੇ ਤੋਂ ਵਾਪਸੀ ਉਪਰੰਤ ਖੁੱਲ੍ਹੇ ਤੌਰ 'ਤੇ ਆਪਣੀ ਇਸ ਲਹਿਰ ਲਈ ਜਹਾਦੀ ਭਰਤੀ ਕਰਦਾ ਅਤੇ ਨਾਲ ਹੀ ਪੈਸੇ ਅਤੇ ਹਥਿਆਰਾਂ ਦੀ ਸਹਾਇਤਾ ਵੀ ਮੰਗਦਾ ਰਿਹਾ। ਵਿਸ਼ਵਾਸ ਕੀਤਾ ਜਾਂਦਾ

ਹੈ ਕਿ ਮੱਕੇ ਵੱਲੋਂ ਵਾਪਸੀ ਸਮੇਂ ਉਹ ਤੁਰਕੀ ਦੇ ਸੁਲਤਾਨ ਅਤੇ ਕਾਬਲ (ਅਫ਼ਗਾਨਿਸਤਾਨ) ਦੇ ਅਮੀਰ ਦੋਸਤ ਮੁਹੰਮਦ ਖ਼ਾਨ ਨੂੰ ਵੀ ਮਿਲਿਆ ਅਤੇ ਉਨ੍ਹਾਂ ਪਾਸੋਂ ਉਸ ਨੇ ਸਿੱਖਾਂ ਵਿਰੁੱਧ ਜਹਾਦ ਲਈ ਸਹਾਇਤਾ ਵੀ ਮੰਗੀ। ਆਖ਼ਰ 1827 ਈ: ਵਿਚ ਹੈਦਰੀ ਝੰਡਾ ਝੁਲਾਉਂਦੇ ਹੋਏ ਸੱਯਦ ਅਹਿਮਦ ਅਤੇ ਉਸ ਦੇ ਪੈਰੋਕਾਰ ਖ਼ੈਰਪੁਰ (ਸਿੰਧ) ਦੇ ਰਸਤੇ ਕੰਧਾਰ ਪੁੱਜੇ ਪਰ ਉਸ ਨੂੰ ਬਰਕਜ਼ਈਆਂ ਵੱਲੋਂ ਪੂਰੀ ਸਹਾਇਤਾ ਨਾ ਮਿਲੀ। ਇਸ ਤੋਂ ਅੱਗੇ ਕਾਬਲ ਦਰਿਆ ਪਾਰ ਕਰ ਕੇ ਉਹ ਪੰਜਤਾਰ ਪੁੱਜੇ ਅਤੇ ਅਕੋਮ ਖਟਰ ਦੇ ਮੈਦਾਨ ਵਿਚ ਜਾ ਇਕੱਠੇ ਹੋਏ ਜਿਥੇ ਉਨ੍ਹਾਂ ਖ਼ੈਰਾਬਾਦ ਦੇ ਕਿਲ੍ਹੇ ਦਾ ਘੇਰਾ ਘੱਤ ਲਿਆ। ਇਥੇ ਕਿਲ੍ਹੇਦਾਰ, ਬੁਧ ਸਿੰਘ (ਸੰਧਾਵਾਲੀਏ) ਕੋਲ ਇਸ ਅਚਨਚੇਤੀ ਹਮਲੇ ਦਾ ਟਾਕਰਾ ਕਰਨ ਲਈ ਲੋੜੀਂਦੀ ਫ਼ੌਜ ਅਤੇ ਅਸਲਾ ਨਹੀਂ ਸੀ। ਉਸ ਨੇ ਛੱਛ ਦੇ ਮੈਦਾਨ ਵਿਚ ਮਾਲੀਆ ਉਗਰਾਹੁੰਦੇ ਹਰੀ ਸਿੰਘ ਨਲਵੇ ਤੋਂ ਸਹਾਇਤਾ ਮੰਗੀ। ਹਰੀ ਸਿੰਘ ਕੋਲ ਇਸ ਸਮੇਂ ਕੇਵਲ 8000 ਸੈਨਿਕ ਸਨ। ਉਹ ਛੇਤੀ ਹੀ ਖ਼ੈਰਾਬਾਦ ਪੁੱਜ ਗਿਆ। ਸੱਯਦ ਅਹਿਮਦ ਦੀ ਵਹੀਰ ਹਰੀ ਸਿੰਘ ਦੇ ਸਿੱਖਿਅਤ ਮਰਜੀਵੜਿਆਂ ਦਾ ਟਾਕਰਾ ਨਾ ਕਰ ਸਕੀ ਅਤੇ ਉਨ੍ਹਾਂ ਨੂੰ ਪਿੱਛੇ ਹਟਣਾ ਪਿਆ। ਸਿੱਟੇ ਵਜੋਂ ਸੱਯਦ ਅਹਿਮਦ ਅਤੇ ਉਸ ਦੇ ਜਹਾਦੀ ਅਣਜਾਣੇ ਖੇਤਰ ਵਿਚ ਥਾਂ-ਪਰ-ਥਾਂ ਸ਼ਰਨ ਲੈਣ ਲਈ ਭੱਜ ਉਠੇ। ਇਸੇ ਦੌਰਾਨ ਬਰਕਜ਼ਈ ਅਤੇ ਯੂਸਫ਼ਜ਼ਈ ਕਬੀਲਿਆਂ ਦੇ ਆਗੂਆਂ ਨੇ ਸੱਯਦ ਅਹਿਮਦ ਦੀਆਂ ਧੱਕੜਸ਼ਾਹੀ ਚਾਲਾਂ ਅਤੇ ਨਿੱਤ ਵਧਦੀਆਂ ਮੰਗਾਂ, ਵਿਸ਼ੇਸ਼ ਕਰਕੇ ਹਿੰਦੁਸਤਾਨੀ ਮੁਸਲਮਾਨਾਂ ਨਾਲ ਅਫ਼ਗਾਨੀ ਔਰਤਾਂ ਦੇ ਨਿਕਾਹ (ਵਿਆਹ) ਕਰਾਉਣ ਦੇ ਪ੍ਰਚਾਰ ਦਾ ਬੁਰਾ ਮਨਾਇਆ। ਜਿਸ ਕਰਕੇ ਉਥੋਂ ਛੇਤੀ ਹੀ ਸੱਯਦ ਅਹਿਮਦ ਨੂੰ ਕਸ਼ਮੀਰ ਦੀਆਂ ਪਹਾੜੀਆਂ ਵੱਲ ਖਿਸਕਣਾ ਪਿਆ। ਇਥੇ ਹਰੀ ਸਿੰਘ ਨਲਵਾ ਅਤੇ ਐਲਾਰਡ ਦੇ ਤੋਪਖਾਨਿਆਂ ਨੇ ਉਸ ਦੇ ਅਖੌਤੀ ਜਹਾਦੀਆਂ ਨੂੰ ਪਛਾੜਿਆ। ਪਰ ਇਕ ਦੋ ਮਹੀਨਿਆਂ ਵਿਚ ਹੀ ਸੱਯਦ ਨੇ ਜਹਾਦੀਆਂ ਦੀ ਵਹੀਰ ਫੇਰ ਖੜੀ ਕਰ ਲਈ ਅਤੇ ਉਸ ਨੇ ਸੁਲਤਾਨ ਮੁਹੰਮਦ ਖ਼ਾਨ ਬਰਕਜ਼ਈ ਉੱਪਰ ਹਮਲਾ ਕਰਕੇ ਪਿਸ਼ਾਵਰ 'ਤੇ ਕਬਜ਼ਾ

ਕਰ ਲਿਆ (ਉਸ ਸਮੇਂ ਪਿਸ਼ਾਵਰ ਸੁਲਤਾਨ ਮੁਹੰਮਦ ਖ਼ਾਨ ਬਰਕਜ਼ਈ ਕੋਲ ਸੀ ਅਤੇ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਿਰਾਜ ਭਰਦਾ ਸੀ)। ਇਸ ਸਫ਼ਲਤਾ ਨਾਲ ਸੱਯਦ ਅਹਿਮਦ ਦਾ ਹੌਂਸਲਾ ਵਧ ਗਿਆ ਅਤੇ ਉਸ ਨੇ ਆਪਣੇ ਖ਼ਲੀਫ਼ਾ ਹੋਣ ਦਾ ਐਲਾਨ ਕਰ ਕੇ ਆਪਣੇ ਨਾਂ 'ਤੇ ਸਿੱਕਾ ਵੀ ਚਲਾਇਆ। ਪਰ ਸਥਾਨਕ ਕਬੀਲਿਆਂ ਵਿਚ ਸੱਯਦ ਅਹਿਮਦ ਦੇ ਬਦਨਾਮ ਹੋ ਜਾਣ ਕਾਰਨ ਉਸ ਨੇ ਪਿਸ਼ਾਵਰ ਦਾ ਇਲਾਕਾ ਸੁਲਤਾਨ ਮੁਹੰਮਦ ਨੂੰ ਨਿਸ਼ਚਿਤ ਖ਼ਿਰਾਜ ਤਾਰਨ ਦੀ ਸ਼ਰਤ 'ਤੇ ਵਾਪਿਸ ਕਰ ਦਿੱਤਾ। ਇਸ ਪਿਛੋਂ ਸੱਯਦ ਦਾ ਪਤਨ ਨਿਸ਼ਚਿਤ ਹੋ ਗਿਆ। ਓਧਰ ਕੰਵਰ ਸ਼ੇਰ ਸਿੰਘ ਅਤੇ ਨਲਵੇ ਸਰਦਾਰ ਅਧੀਨ ਸਿੱਖ ਫ਼ੌਜਾਂ ਉਸ ਦਾ ਪਿੱਛਾ ਕਰਨ ਲੱਗੀਆਂ। ਇਸ ਪ੍ਰਕਾਰ ਸੱਯਦ ਅਤੇ ਉਸ ਦੇ ਜਹਾਦੀ, ਸਿੱਖ ਫ਼ੌਜਾਂ ਅਤੇ ਸਥਾਨਕ ਕਬਾਇਲੀਆਂ ਵਿਚਕਾਰ ਘਿਰ ਗਏ। ਸਿੱਟੇ ਵਜੋਂ ਬਾਲਾਕੋਟ ਦੇ ਨੇੜੇ ਮਨਸ਼ੇਰਾ ਦੇ ਸਥਾਨ 'ਤੇ ਸੱਯਦ ਅਹਿਮਦ, ਕੰਵਰ ਸ਼ੇਰ ਸਿੰਘ ਦੇ ਇਕ ਫ਼ੌਜੀ ਦਸਤੇ ਹੱਥੋਂ ਮਾਰਿਆ ਗਿਆ। ਕਰਨਲ ਗਾਰਡਨਰ ਨੇ ਉਸ ਦੇ 'ਜਹਾਦੀਆਂ' ਨੂੰ ਇਕ-ਇਕ ਕਰਕੇ ਮਰਦੇ ਅੱਖੀਂ ਦੇਖਿਆ। ਕੰਵਰ ਸ਼ੇਰ ਸਿੰਘ ਨੇ ਸੱਯਦ ਅਹਿਮਦ ਦੀ ਲਾਸ਼ ਆਪਣੇ ਕੋਲ ਮੰਗਵਾ ਕੇ, ਉਸ ਨੂੰ ਆਪ ਇਕ ਕੀਮਤੀ ਦੁਸ਼ਾਲੇ ਨਾਲ ਢੱਕਿਆ ਅਤੇ ਇਸਲਾਮੀ ਰਸਮ ਅਨੁਸਾਰ ਉਸ ਨੂੰ ਸਤਿਕਾਰ ਸਹਿਤ ਦਫਨਾਇਆ। ਮਹਾਰਾਜੇ ਨੇ ਕੰਵਰ ਦੀ ਇਸ ਕਾਰਵਾਈ ਦੀ ਸ਼ਲਾਘਾ ਕੀਤੀ।

ਸੱਯਦ ਅਹਿਮਦ ਦੇ ਬ੍ਰਿਤਾਂਤ ਦੇ ਇਥੇ ਵੇਰਵੇ ਭਰਪੂਰ ਵਰਣਨ ਦੀ ਪ੍ਰਾਸੰਗਕਤਾ ਇਹ ਬਣਦੀ ਹੈ ਕਿ 1831 ਈਸਵੀ ਤੋਂ ਪਿਛੋਂ ਹਰੀ ਸਿੰਘ ਨਲਵਾ ਨੂੰ ਅੰਗਰੇਜ਼ਾਂ ਨਾਲ ਗੱਲ-ਬਾਤ ਨਾਲ ਸਬੰਧਤ ਰੱਖਿਆ ਜਾਣ ਲੱਗਾ। ਸ਼ਾਇਦ ਇਹ ਉਸ ਦੀ ਕੂਟਨੀਤਕ ਸੂਝ-ਬੂਝ ਸਦਕਾ ਸੀ। ਉਹ ਰੋਪੜ ਵਿਖੇ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਂਟਿੰਕ ਦੀ ਮਿਲਣੀ ਦੌਰਾਨ ਵੀ ਹਾਜ਼ਰ ਸੀ। ਲਾਹੌਰ ਦਰਬਾਰ ਵਿਚ ਓਹੀ ਇਕ ਸਰਦਾਰ ਸੀ ਜੋ ਨਿਝੱਕ ਹੋ ਕੇ ਮਹਾਰਾਜੇ ਦੇ ਸਾਹਮਣੇ ਆਪਣੀ ਰਾਇ ਪ੍ਰਗਟ ਕਰਨ ਦੀ ਖੁੱਲ੍ਹ ਲੈ ਸਕਦਾ ਸੀ। ਇਸ ਗੱਲ ਨੂੰ ਅੰਗਰੇਜ਼ੀ ਕੂਟਨੀਤਕਾਂ ਨੇ ਵੀ ਦੇਖ ਲਿਆ ਸੀ। ਸੱਯਦ

ਅਹਿਮਦ ਦੀ ਸਿੰਧ-ਪਾਰ ਇਲਾਕਿਆਂ ਵਿਚ ਕੀਤੀ ਸੋਰਸ਼ ਨੂੰ ਹਰੀ ਸਿੰਘ ਅੰਗਰੇਜ਼ਾਂ ਦੀ ਖ਼ਾਲਸਾ ਦਰਬਾਰ ਵਿਰੋਧੀ ਗਿਣੀ-ਮਿਥੀ ਕਾਰਵਾਈ ਮੰਨਦਾ ਸੀ। ਇਸ ਸਮੇਂ ਤੱਕ ਮਹਾਰਾਜਾ ਰਣਜੀਤ ਸਿੰਘ ਨੂੰ ਹਰੀ ਸਿੰਘ ਨਲਵੇ ਦੀ ਦਲੇਰੀ, ਯੁੱਧ ਕਲਾ ਵਿਚ ਪਰਪੱਕਤਾ ਅਤੇ ਤੀਖਣ-ਬੁੱਧੀ ਦੇ ਨਾਲ ਕੂਟਨੀਤਕ ਸੂਝ-ਬੂਝ ਸੰਬੰਧੀ ਪੂਰੀ ਜਾਣਕਾਰੀ ਪ੍ਰਾਪਤ ਹੋ ਚੁਕੀ ਸੀ। 1831 ਈਸਵੀ ਤੱਕ ਭਾਰਤ ਦੀ ਅੰਗਰੇਜ਼ੀ ਹਕੂਮਤ ਨੇ ਸ਼ਿਮਲਾ ਦੀਆਂ ਪਹਾੜੀਆਂ ਵਿਚ ਆਪਣੀ ਗਰਮੀਆਂ ਦੀ ਰੁੱਤ ਦੀ ਰਾਜਧਾਨੀ ਸ਼ਿਮਲਾ ਵਿਖੇ ਬਣਵਾ ਲਈ ਸੀ। ਉਸੇ ਸਾਲ ਅੰਗਰੇਜ਼ਾਂ ਵੱਲੋਂ ਸਿੰਧ ਦੇ ਅਮੀਰਾਂ ਨਾਲ ਸੰਧੀ ਲਈ ਦੂਤ ਵੀ ਭੇਜੇ ਜਾ ਰਹੇ ਸਨ। ਅਟਕ-ਪਾਰ ਅਫ਼ਗ਼ਾਨੀ ਇਲਾਕੇ ਵਿਚ ਜਿਸ ਸਫ਼ਲਤਾ ਨਾਲ ਹਰੀ ਸਿੰਘ ਨਲਵੇ ਨੇ ਅਫ਼ਗ਼ਾਨੀ ਧੱਕੜ-ਸ਼ਾਹੀ ਨੂੰ ਠੱਲ੍ਹ ਪਾਉਣ ਉਪਰੰਤ ਦੂਰ-ਰਸੀ ਸੁਰੱਖਿਆ ਪ੍ਰਬੰਧ ਕੀਤੇ, ਉਨ੍ਹਾਂ ਦੀ ਚਰਚਾ ਯੂਰਪੀ ਦੇਸ਼ਾਂ ਤੱਕ ਚਲਦੀ ਸੀ। ਅੰਗਰੇਜ਼ ਨਹੀਂ ਸਨ ਚਾਹੁੰਦੇ ਕਿ ਇਸ ਖੇਤਰ ਵਿਚ ਵਿਸ਼ੇਸ਼ ਕਰਕੇ ਰੂਸ ਜਾਂ ਕਿਸੇ ਹੋਰ ਦੇਸ਼ ਦਾ ਪ੍ਰਭਾਵ ਬਣੇ। ਇਸ ਸਮੇਂ ਤੱਕ ਮੱਧ ਏਸ਼ੀਆ ਦੇ ਦੇਸ਼ਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਸ਼ਾਨੋ-ਸ਼ੌਕਤ ਦੀ ਚਰਚਾ ਵੀ ਖ਼ੂਬ ਚਲਦੀ ਸੀ। ਇਨ੍ਹਾਂ ਹਾਲਾਤ ਦੀ ਲੋਅ ਵਿਚ ਗਵਰਨਰ ਜਨਰਲ ਵਿਲੀਅਮ ਬੈਂਟਿੰਕ ਨੇ ਖ਼ਾਲਸਾ ਦਰਬਾਰ ਨਾਲ ਕੂਟ ਨੀਤਕ ਪੱਧਰ 'ਤੇ ਸਦਭਾਵਨਾ ਮਿਸ਼ਨਾਂ ਦੀਆਂ ਦੁਵੱਲੀਆਂ ਫੇਰੀਆਂ ਦਾ ਪ੍ਰਸਤਾਵ ਮਹਾਰਾਜੇ ਵੱਲ ਘੱਲਿਆ ਤਾਂ ਜੋ 1809 ਈ: ਦੇ ਅਹਿਦਨਾਮੇ ਦੁਆਰਾ ਸਥਾਪਤ ਮਿੱਤਰਤਾਈ ਨੂੰ ਮੁੜ ਦ੍ਰਿੜ੍ਹਾਇਆ ਜਾ ਸਕੇ। ਮਹਾਰਾਜੇ ਨੇ ਇਹ ਸੁਝਾਅ ਮੰਨ ਲਿਆ ਅਤੇ ਸਰਦਾਰ ਹਰੀ ਸਿੰਘ ਨਲਵੇ ਦੀ ਅਗਵਾਈ ਵਿਚ ਗਵਰਨਰ ਜਨਰਲ ਅਤੇ ਭਾਰਤ ਵਿਚ ਬਰਤਾਨਵੀ ਫ਼ੌਜਾਂ ਦੇ ਪ੍ਰਮੁੱਖ ਜਰਨੈਲ ਵੱਲ ਮਿਸ਼ਨ ਭੇਜੇ ਜਾਣ ਦੀ ਪ੍ਰਵਾਨਗੀ ਦੇ ਦਿੱਤੀ। ਇਸੇ ਲਈ ਹਰੀ ਸਿੰਘ ਨੂੰ ਦਰਬਾਰ ਵਿਚ ਤੁਰੰਤ ਹਾਜ਼ਰ ਹੋਣ ਲਈ ਸੰਦੇਸ਼ ਭੇਜਿਆ ਗਿਆ। ਨਲਵਾ ਸਰਦਾਰ ਲਾਹੌਰ ਪੁੱਜ ਕੇ ਮਹਾਰਾਜਾ ਸਾਹਿਬ ਦੇ ਸਨਮੁਖ 5000 ਰੁਪਏ ਨਾਨਕਸ਼ਾਹੀ ਅਤੇ ਵਧੀਆ ਅਰਬੀ ਘੋੜੇ ਨਜ਼ਰਾਨੇ ਵਜੋਂ ਲੈ ਕੇ ਪੇਸ਼

ਹੋਇਆ ਅਤੇ ਨਾਲ ਹੀ ਉਸ ਨੇ ਮਹਾਰਾਜੇ ਨੂੰ ਵਿਸ਼ਵਾਸ ਦਿਵਾਇਆ ਕਿ ਜਿਸ ਪ੍ਰਕਾਰ ਦੀ ਸੇਵਾ ਸਰਕਾਰ ਵੱਲੋਂ ਉਸ ਦੇ ਜ਼ਿੰਮੇ ਲਾਈ ਜਾਵੇਗੀ, ਉਹ ਪੂਰੀ ਨਿਸ਼ਠਾ ਅਤੇ ਦਿਆਨਤਦਾਰੀ ਨਾਲ ਨਿਬਾਹੀ ਜਾਵੇਗੀ (ਸੋਹਣ ਲਾਲ ਸੂਰੀ)। ਇਸ ਅਵਸਰ 'ਤੇ ਹਰੀ ਸਿੰਘ ਨਲਵੇ ਨੂੰ ਸ਼ਿਮਲੇ ਵੱਲ ਰਵਾਨਾ ਹੋਣ ਸਮੇਂ ਇਕ ਵਡਮੁੱਲੀ ਖ਼ਿਲਅਤ ਪ੍ਰਦਾਨ ਕੀਤੀ ਗਈ ਅਤੇ ਸੁਰੱਖਿਆ ਲਈ ਇਕ ਸੌ ਹਥਿਆਰਬੰਦ ਘੋੜ ਸਵਾਰ ਨਾਲ ਭੇਜਣ ਦੇ ਹੁਕਮ ਜਾਰੀ ਕੀਤੇ ਗਏ। ਕੁਝ ਹੀ ਦਿਨਾਂ ਪਿਛੋਂ ਹਰੀ ਸਿੰਘ ਨਲਵੇ ਦੀ ਅਗਵਾਈ ਹੇਠ ਇਕ ਉੱਚ ਪੱਧਰੀ ਕੂਟਨੀਤਕ ਮਿਸ਼ਨ ਸ਼ਿਮਲੇ ਵੱਲ ਚੱਲ ਪਿਆ। ਪਹਿਲਾ ਪੜਾਅ ਲੁਧਿਆਣੇ ਸੀ ਜਿੱਥੇ ਬਰਤਾਨਵੀ ਪ੍ਰਤੀਨਿਧ ਕੈਪਟਨ ਵੇਡ ਨੇ ਮਿਸ਼ਨ ਦਾ ਨਿੱਘਾ ਸੁਆਗਤ ਕੀਤਾ। ਇਹ ਸੁਆਗਤ, ਭਾਰਤ ਦੇ ਹੋਰ ਰਾਜੇ/ ਮਹਾਰਾਜਿਆਂ ਦੇ ਮਿਸ਼ਨਾਂ ਨਾਲੋਂ ਕਿਤੇ ਵੱਧ ਸ਼ੋਭਨੀਕ ਸੀ। ਹਰੀ ਸਿੰਘ ਨਲਵੇ ਅਤੇ ਉਸ ਦੇ ਸਾਥੀਆਂ (ਲਹਿਣਾ ਸਿੰਘ ਮਜੀਠੀਆ, ਅਜੀਤ ਸਿੰਘ ਸੰਧਾਵਾਲੀਆ, ਫ਼ਕੀਰ ਅਜ਼ੀਜ਼-ਉਦ-ਦੀਨ, ਦੀਵਾਨ ਮੋਤੀ ਰਾਮ ਅਤੇ ਧੰਨਾ ਸਿੰਘ ਮਲਵਈ) ਪ੍ਰਤੀ ਦਰਸਾਈ ਗਈ ਉਚੇਚੀ ਸੁਲਗਤਾਈ ਚੋਖੀ ਉਦਾਰਚਿਤ ਸੀ। ਨਿਸ਼ਚੇ ਹੀ ਇਹ ਮਿਸ਼ਨ ਪੰਜਾਬ ਅਤੇ ਸਿੱਖਾਂ ਦੇ ਸਵਾਧੀਨ (Sovereign) ਮਹਾਰਾਜੇ ਦੀ ਪ੍ਰਤੀਨਿਧਤਾ ਕਰ ਰਿਹਾ ਸੀ ਜਿਸ ਦਾ ਦਰਜਾ ਅੰਗਰੇਜ਼ੀ ਰੱਖਿਅਕ ਸ਼ਾਸਨ ਅਧੀਨ ਨਵਾਬਾਂ/ਮਹਾਰਾਜਿਆਂ ਜਾਂ ਰਾਜਿਆਂ ਨਾਲੋਂ ਕਿਤੇ ਉੱਚਾ ਸੀ।

ਲੁਧਿਆਣਾ ਤੋਂ ਇਹ ਪਾਰਟੀ ਰੋਪੜ, ਨਾਲਾਗੜ੍ਹ ਦੇ ਰਾਹੀਂ ਸ਼ਿਮਲੇ ਵੱਲ ਨੂੰ ਚੱਲੀ। ਰਸਤੇ ਵਿਚ ਹਰੀ ਸਿੰਘ ਅਤੇ ਉਸ ਦੇ ਸਾਥੀ ਦਰਬਾਰੀਆਂ ਨੇ ਮਾਛੀਵਾੜਾ ਅਤੇ ਚਮਕੌਰ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕੀਤੇ ਅਤੇ ਇਸ ਤੋਂ ਅੱਗੇ ਨਾਲਾਗੜ੍ਹ ਜਾ ਪੜਾਅ ਕੀਤਾ। ਨਾਲਾਗੜ੍ਹ ਵਿਖੇ ਸਰਦਾਰ ਹਰੀ ਸਿੰਘ ਨਲਵਾ ਅਤੇ ਉਸ ਦੇ ਸਾਥੀਆਂ ਨੇ ਕੁਝ ਦਿਨ ਆਰਾਮ ਕੀਤਾ। ਇਥੋਂ ਸਤਲੁਜ-ਹਿਠਾੜ ਇਲਾਕੇ ਦੇ ਸਿੱਖ ਰਾਜਿਆਂ/ਸਰਦਾਰਾਂ ਨੂੰ ਵਾਪਿਸ ਜਾਣ ਲਈ ਕਹਿ ਦਿੱਤਾ ਗਿਆ। ਨਾਲਾਗੜ੍ਹ ਤੋਂ ਅੱਗੇ ਕੈਪਟਨ ਵੇਡ ਨੇ ਮਿਸ਼ਨ ਦੀ ਅਗਵਾਨੀ ਕੀਤੀ ਅਤੇ ਕਰਨਲ ਮਰੀ ਮਿਸ਼ਨ ਦੇ ਨਾਲ-

ਨਾਲ ਪਿੰਜੌਰ ਤੋਂ ਅੱਗੇ ਸਬਾਥੂ ਰਸਤੇ ਸ਼ਿਮਲੇ ਵੱਲ ਪਹਾੜੀਂ ਚੜ੍ਹਦੇ ਗਏ। ਇਨ੍ਹਾਂ ਪਹਾੜੀਆਂ ਦਾ ਬਹੁਤ ਸਾਰਾ ਇਲਾਕਾ ਉਨ੍ਹਾਂ ਸਿੱਖ ਸਰਦਾਰਾਂ/ਰਾਜਿਆਂ ਦੀ ਮਲਕੀਅਤ ਸੀ ਜਿਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਦੀ ਪ੍ਰਮੁੱਖਤਾ ਪ੍ਰਵਾਨ ਕੀਤੀ ਹੋਈ ਸੀ। ਦਿਲਚਸਪ ਗੱਲ ਇਹ ਹੈ ਕਿ ਨਾਲਾਗੜ੍ਹ ਤੋਂ ਸਬਾਥੂ ਵਿਚਾਲੇ ਜਿਸ ਜਗ੍ਹਾ 'ਤੇ ਥੋੜਾ ਸਮਾਂ ਹਰੀ ਸਿੰਘ ਮਿਸ਼ਨ ਨੇ ਪੜਾਅ ਕੀਤਾ, ਉਥੇ ਅੱਜ ਕੱਲ, ਨਲਵਾ ਨਾਮੀ ਇਕ ਪਿੰਡ ਆਬਾਦ ਹੈ ਜੋ ਕਸੌਲੀ ਤਹਿਸੀਲ (ਹਿਮਾਚਲ ਪ੍ਰਦੇਸ਼) ਦੇ ਖੇਤਰ ਵਿਚ ਹੈ। ਖ਼ਾਲਸਾ ਦਰਬਾਰ ਦਾ ਇਹ ਮਿਸ਼ਨ 21 ਅਪ੍ਰੈਲ 1831 ਨੂੰ ਸ਼ਿਮਲੇ ਪੁੱਜਾ ਅਤੇ ਗਵਰਨਰ ਜਨਰਲ ਦੇ ਨਿਵਾਸ ਵਿਖੇ ਮਿਸ਼ਨ ਦਾ ਚੰਗੀ ਗਰਮਜੋਸ਼ੀ ਨਾਲ ਉਪਚਾਰਕ ਸੁਆਗਤ ਕੀਤਾ ਗਿਆ। ਸਭ ਤੋਂ ਪਹਿਲੋਂ ਲਾਰਡ ਬੈਂਟਿੰਕ ਦੇ ਸੈਨਿਕ ਸਕੱਤਰ ਨੇ ਹਰੀ ਸਿੰਘ ਅਤੇ ਉਸ ਦੇ ਸਾਥੀ ਮਿਸ਼ਨ ਦੇ ਸਨਮਾਨਯੋਗ ਮੈਂਬਰਾਂ ਨੂੰ ਜੀ ਆਇਆਂ ਕਿਹਾ। ਉਪਰੰਤ ਲਾਰਡ ਬੈਂਟਿੰਕ (ਗਵਰਨਰ ਜਨਰਲ) ਅਤੇ ਲਾਰਡ ਡਲਹੌਜ਼ੀ (ਅੰਗਰੇਜ਼ੀ ਫ਼ੌਜਾਂ ਦੇ ਕਮਾਂਡਰ) ਆਪਣੇ ਪਤਵੰਤੇ ਪ੍ਰਾਹੁਣਿਆਂ ਨੂੰ ਹੱਥ ਮਿਲਾ ਕੇ ਮਿਲੇ ਅਤੇ ਉਨ੍ਹਾਂ ਨੂੰ ਕੁਰਸੀਆਂ ਉੱਪਰ ਬਿਠਾਇਆ ਗਿਆ। ਉਪਚਾਰਕ ਅਦਬ-ਸਲਾਮ ਦੇ ਵਟਾਂਦਰੇ ਪਿੱਛੋਂ ਬੈਂਟਿੰਕ ਨੇ ਮਹਾਰਾਜੇ ਦੀ ਸਿਹਤ ਸੰਬੰਧੀ ਪੁੱਛ ਕੇ ਮਹਾਰਾਜਾ ਸਾਹਿਬ ਤਾਈਂ ਆਪਣਾ ਸਤਿਕਾਰ ਪ੍ਰਗਟ ਕੀਤਾ। ਫ਼ਕੀਰ ਅਜ਼ੀਜ਼-ਉਦ-ਦੀਨ ਨੇ ਮਹਾਰਾਜੇ ਵੱਲੋਂ ਬੈਂਟਿੰਕ ਸਾਹਿਬ ਵੱਲ ਇਕ ਪੱਤਰ ਉਨ੍ਹਾਂ ਦੇ ਹਵਾਲੇ ਕੀਤਾ। ਇਸ ਤੋਂ ਪਿਛੋਂ ਮਹਾਰਾਜਾ ਸਾਹਿਬ ਵੱਲੋਂ ਗਵਰਨਰ ਜਨਰਲ ਬੈਂਟਿੰਕ ਸਾਹਿਬ ਅਤੇ ਪ੍ਰਮੁੱਖ ਫ਼ੌਜੀ ਕਮਾਂਡਰ, ਡਲਹੌਜ਼ੀ ਲਈ ਭੇਜੇ ਗਏ ਤੋਹਫ਼ੇ ਪੇਸ਼ ਕੀਤੇ ਗਏ। ਖ਼ਾਲਸਾ ਦਰਬਾਰ ਵੱਲੋਂ ਭੇਜੇ ਜਾਂਦੇ ਅਜਿਹੇ ਕਈ ਤੋਹਫ਼ੇ ਪ੍ਰਾਪਤ ਕਰਨ ਵਾਲੇ ਲਈ ਨਿੱਜੀ ਹੁੰਦੇ ਸਨ। ਇਨ੍ਹਾਂ ਤੋਹਫ਼ਿਆਂ ਵਿਚ ਕਸ਼ਮੀਰੀ ਸ਼ਾਲ, ਗ਼ਲੀਚੇ, ਮੁਲਤਾਨੀ ਛੀਂਟ ਦਾ ਕੱਪੜਾ, ਦਸ ਸੇਰ ਕੇਸਰ, ਛੇ ਵੱਖ-ਵੱਖ ਨਸਲਾਂ ਦੇ ਘੋੜੇ ਅਤੇ ਕੁਝ ਸ਼ਸਤਰ ਸ਼ਾਮਿਲ ਸਨ। ਮਹਾਰਾਜੇ ਦੀ ਇਹ ਇੱਛਾ ਸੀ ਕਿ ਉਸ ਦੇ ਦਰਬਾਰ ਵੱਲੋਂ ਭੇਜੇ ਕੂਟਨੀਤਕ ਮਿਸ਼ਨ ਦੇ ਸ਼ਾਨਦਾਰ ਸੁਆਗਤ ਦੀ ਸਾਰੇ ਹਿੰਦੋਸਤਾਨ ਵਿਚ ਭਰਪੂਰ ਵਾਹ-ਵਾਹ ਹੋਵੇ। 27 ਅਪ੍ਰੈਲ

1831 ਵਾਲੇ ਦਿਨ ਹਰੀ ਸਿੰਘ ਨਲਵੇ ਦੇ ਡੈਲੀਗੇਸ਼ਨ ਦੀ ਲਾਰਡ ਬੈਂਟਿੰਕ (ਗਵਰਨਰ ਜਨਰਲ) ਅਤੇ ਲਾਰਡ ਡਲਹੌਜੀ (ਕਮਾਂਡਰ-ਇਨ-ਚੀਫ਼) ਨਾਲ ਉਪਚਾਰਕ ਗੱਲਬਾਤ ਹੋਈ। ਇਸ ਗੱਲਬਾਤ ਦੌਰਾਨ ਅੰਗਰੇਜ਼ੀ ਮੇਜ਼ਬਾਨਾਂ ਨੇ ਸ਼ਿਸ਼ਟਾਚਾਰਕ ਵਿਧੀ ਅਨੁਸਾਰ ਇਸ ਗੱਲ ਦਾ ਪੂਰਾ ਧਿਆਨ ਰੱਖਿਆ ਕਿ ਪੰਜਾਬ ਦੇ ਮਹਾਰਾਜੇ ਵੱਲੋਂ ਭੇਜੇ ਗਏ ਪ੍ਰਤੀਨਿੱਧ ਮਿਸ਼ਨ ਦਾ ਖ਼ਾਤਰਦਾਰੀ ਅਤੇ ਸ਼ਿਸ਼ਟਾਚਾਰੀ ਪੱਖੋਂ ਭਾਰਤ ਦੇ ਨਵਾਬਾਂ/ਮਹਾਰਾਜਿਆਂ/ਸਰਦਾਰਾਂ ਨਾਲ ਕੀਤੇ ਜਾਂਦੇ ਵਿਵਹਾਰ ਨਾਲੋਂ ਵਿਲੱਖਣਤਾ ਅਤੇ ਪ੍ਰਸਿੱਧੀ ਪ੍ਰਤੱਖ ਬਣੀ ਰਹੇ। ਲਾਰਡ ਬੈਂਟਿੰਕ ਦੀ ਇਸ ਮਾਮਲੇ ਸੰਬੰਧੀ ਵਿਆਕੁਲਤਾ ਦਾ ਪਤਾ ਬੈਂਟਿੰਕ ਦੀ ਪਤਨੀ ਅਤੇ ਹੋਰ ਯੂਰਪੀ ਪ੍ਰਤਿਸ਼ਠ ਔਰਤਾਂ ਵੱਲੋਂ ਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਗਏ ਨਾਚ ਦੇ ਉਚੇਚੇ ਵਰਣਨ ਤੋਂ ਲੱਗਦਾ ਹੈ।

ਉਪਚਾਰਕ ਕਾਨਫ਼ਰੰਸ ਪਿਛੋਂ ਦੋਹਾਂ ਪਾਸਿਆਂ (ਖ਼ਾਲਸਾ ਦਰਬਾਰ ਅਤੇ ਭਾਰਤੀ ਅੰਗਰੇਜ਼ੀ ਸਾਮਰਾਜ) ਦੀਆਂ ਫ਼ੌਜੀ ਟੁਕੜੀਆਂ ਵੱਲੋਂ ਸਲਾਮੀ (ਗਾਰਡ ਆਫ਼ ਆਨਰ) ਪੇਸ਼ ਕੀਤੀ ਗਈ। ਇਸ ਅਵਸਰ 'ਤੇ ਗਵਰਨਰ ਜਨਰਲ ਅਤੇ ਸਰਦਾਰ ਹਰੀ ਸਿੰਘ ਨਲਵੇ ਨੇ ਇਕ ਦੂਸਰੇ ਦੇ ਸੈਨਿਕਾਂ ਅਤੇ ਘੋੜ-ਚੜ੍ਹਿਆਂ ਨੂੰ ਨਕਦ ਇਨਾਮ ਦਿੱਤੇ। ਸਮਕਾਲੀ ਦਸਤਾਵੇਜ਼ਾਂ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਲਾਰਡ ਬੈਂਟਿੰਕ ਦਾ ਇਸ ਮਿਸ਼ਨ ਨਾਲ ਗੱਲਬਾਤ ਦੌਰਾਨ ਸਾਰਾ ਧਿਆਨ ਫ਼ੌਜੀ ਮਾਮਲਿਆਂ ਵੱਲ ਹੀ ਕੇਂਦਰਤ ਸੀ ਅਤੇ ਹਰੀ ਸਿੰਘ ਨਲਵੇ ਨੇ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਭਾਂਪ ਲਿਆ ਸੀ। ਇਸ ਮਿਸ਼ਨ ਦੀ ਹਰੀ ਸਿੰਘ ਦੁਆਰਾ ਅਗਵਾਈ ਦਾ ਵੀ ਇਹੀ ਮਹੱਤਵ ਸੀ। ਜਾਪਦਾ ਇਹ ਹੈ ਮਹਾਰਾਜਾ ਰਣਜੀਤ ਸਿੰਘ ਨੇ ਇਸ ਸਥਿਤੀ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਰੱਖ ਕੇ ਹੀ ਹਰੀ ਸਿੰਘ ਨੂੰ ਮਿਸ਼ਨ ਦਾ ਆਗੂ ਬਣਾਇਆ ਸੀ।

ਸ਼ਿਮਲੇ ਤੋਂ ਵਿਦਾਈ ਸਮੇਂ ਬੈਂਟਿੰਕ ਨੇ ਸਰਦਾਰ ਹਰੀ ਸਿੰਘ ਅਤੇ ਡੈਲੀਗੇਸ਼ਨ ਦੇ ਬਾਕੀ ਮੈਂਬਰਾਂ ਨੂੰ ਵਡਮੁੱਲੇ ਤੋਹਫ਼ੇ ਅਤੇ ਖ਼ਿਲਅਤਾਂ ਦਿੱਤੀਆਂ। ਹਰੀ ਸਿੰਘ ਨੂੰ ਲਾਰਡ ਬੈਂਟਿੰਕ ਵੱਲੋਂ ਕਲਗੀ, ਹੀਰਿਆਂ ਦਾ ਹਾਰ ਅਤੇ ਮੁੰਦਰੀ ਆਦਿ ਉਚੇਚੇ ਤੌਰ 'ਤੇ ਪੇਸ਼ ਕੀਤੇ ਗਏ। ਅਰਲ

ਔਫ਼ ਡਲਹੌਜ਼ੀ ਵੱਲੋਂ ਸ. ਹਰੀ ਸਿੰਘ ਨੂੰ ਇਕ ਸੁੰਦਰ ਅੰਗਰੇਜ਼ੀ ਸ਼ਮਸ਼ੀਰ ਅਤੇ ਇਕ ਬੰਦੂਕ ਪੇਸ਼ ਕੀਤੀ ਗਈ। ਡਲਹੌਜ਼ੀ ਨੇ ਜਦੋਂ ਗਰਮਜੋਸ਼ੀ ਨਾਲ ਨਲਵੇ ਸਰਦਾਰ ਨਾਲ ਹੱਥ ਮਿਲਾਇਆ ਤਾਂ ਉਸ ਸਮੇਂ ਨਲਵੇ ਨੂੰ ਇਹ ਕੀ ਪਤਾ ਸੀ ਕਿ ਇਸੇ ਡਲਹੌਜ਼ੀ ਦਾ ਪੁੱਤਰ (ਲਾਰਡ ਡਲਹੌਜ਼ੀ ਜੋ 1849 ਈ: ਵਿਚ ਗਵਰਨਰ ਜਨਰਲ ਸੀ) ਹੀ ਖ਼ਾਲਸਾ ਰਾਜ ਨੂੰ ਆਪਣੀਆਂ ਕੁਟਲ ਨੀਤੀਆਂ ਦੁਆਰਾ ਹਿੰਦੁਸਤਾਨ ਦੇ ਬਰਤਾਨੀਆਂ ਸਾਮਰਾਜ ਦੇ ਮਕਬੂਜ਼ਾ ਇਲਾਕਿਆਂ ਨਾਲ ਰਲਾ ਦੇਵੇਗਾ।

ਵਾਪਸੀ 'ਤੇ ਹਰੀ ਸਿੰਘ ਨਲਵਾ, ਅਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਗਿਆ ਅਤੇ ਦੀਵਾਨ ਮੋਤੀ ਰਾਮ ਹਰਿਦੁਆਰ ਗੰਗਾ ਦੇ ਇਸ਼ਨਾਨ ਲਈ ਗਿਆ। ਕੈਪਟਨ ਵੇਡ ਨੇ ਇਨ੍ਹਾਂ ਦਾ ਲੁਧਿਆਣੇ ਵਿਖੇ ਸੁਆਗਤ ਕਰਨਾ ਸੀ ਅਤੇ ਇਸ ਉਪਰੰਤ ਖ਼ਾਲਸਾ ਰਾਜ ਦੀਆਂ ਹੱਦਾਂ ਤੱਕ ਵਿਦਾ ਕਹਿਣਾ ਸੀ। ਇਸ ਸਮੇਂ ਮਹਾਰਾਜਾ ਅਦੀਨਾ ਨਗਰ (ਗੁਰਦਾਸਪੁਰ) ਵਿਖੇ ਗਰਮੀ ਰੁਤੇ ਗਿਆ ਹੋਇਆ ਸੀ। ਹਰੀ ਸਿੰਘ ਅਤੇ ਦੀਵਾਨ ਮੋਤੀ ਰਾਮ ਜਦੋਂ ਉਥੇ ਪੁੱਜੇ ਤਾਂ ਉਨ੍ਹਾਂ ਨੂੰ 11 ਤੋਪਾਂ ਦੀ ਸਲਾਮੀ ਦਿੱਤੀ ਗਈ। ਮਹਾਰਾਜੇ ਨੂੰ ਮਿਸ਼ਨ ਦੀ ਸਫਲਤਾ 'ਤੇ ਖ਼ੁਸ਼ੀ ਸੀ। ਬੈਂਟਿੰਕ ਇਸ ਮਿਸ਼ਨ ਨੂੰ ਮਹਾਰਾਜੇ ਨਾਲ ਸਿੱਧੀ ਗੱਲ-ਬਾਤ ਦਾ ਆਧਾਰ ਬਣਾਉਣਾ ਚਾਹੁੰਦਾ ਸੀ ਤਾਂ ਜੋ ਸਿੰਧ ਦੇ ਅਮੀਰਾਂ ਨਾਲ ਉਸ ਦੀ ਗੱਲ-ਬਾਤ ਸਿਰੇ ਚੜ੍ਹ ਸਕੇ। ਓਧਰ ਮਹਾਰਾਜਾ ਰਣਜੀਤ ਸਿੰਘ, ਲਾਰਡ ਬੈਂਟਿੰਕ ਨਾਲ ਮਿਲਣੀ ਦੇ ਇਸ ਕਰਕੇ ਹੱਕ ਵਿਚ ਸੀ ਕਿਉਂਕਿ ਉਹ ਕੰਵਰ ਖੜਕ ਸਿੰਘ ਦੀ ਜਾਨਸ਼ੀਨੀ ਸੁਨਿਸ਼ਚਿਤ ਕਰਨਾ ਚਾਹੁੰਦਾ ਸੀ ਅਤੇ ਇਸ ਲਈ ਉਹ ਅੰਗਰੇਜ਼ਾਂ ਵੱਲੋਂ ਕਿਸੇ ਪ੍ਰਕਾਰ ਦੇ ਸੰਭਾਵਿਤ ਵਿਰੋਧ ਦੀ ਪੂਰੀ ਰੋਕਥਾਮ ਕਰਨਾ ਚਾਹੁੰਦਾ ਸੀ। ਪਰ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਗਵਰਨਰ ਜਨਰਲ ਨਾਲ ਆਪਣੀ ਮੁਲਾਕਾਤ ਦੇ ਪ੍ਰਸਤਾਵ ਦੀ ਆਪਣੇ ਦਰਬਾਰੀਆਂ ਨਾਲ ਗੱਲ ਚਲਾਈ ਤਾਂ ਵਧੇਰੇ ਦਰਬਾਰੀਆਂ ਨੇ ਇਸ ਦਾ ਸਮਰਥਨ ਨਾ ਕੀਤਾ। ਪਰ ਖੁੱਲ੍ਹੇ ਤੌਰ 'ਤੇ ਕੇਵਲ ਸਰਦਾਰ ਹਰੀ ਸਿੰਘ ਨਲਵੇ ਨੇ ਹੀ ਇਸ ਪ੍ਰਸਤਾਵ ਦਾ ਵਿਰੋਧ ਕੀਤਾ (ਕਨਿੰਘਮ)। ਹਰੀ ਸਿੰਘ ਦਾ ਕਹਿਣਾ ਸੀ, "ਖ਼ਾਲਸਾ ਰਾਜ ਸਿੱਖ ਪੰਥ ਦੀਆਂ ਲਗਭਗ ਸੌ

ਸਾਲ ਦੀਆਂ ਕੁਰਬਾਨੀਆਂ ਅਤੇ ਗੁਰੂ ਦੀ ਕ੍ਰਿਪਾ ਦੁਆਰਾ ਹੋਂਦ ਵਿਚ ਆਇਆ ਸੀ। ਇਸ ਦੀ ਅਗਵਾਈ ਸਿੱਖ ਸਮੂਹ ਦਾ ਉਚੇਚਾ ਅਧਿਕਾਰ ਹੈ। ਇਸ ਲਈ ਸਮੁੱਚੇ ਸਿੱਖ ਪੰਥ ਨੂੰ ਇਹ ਫ਼ੈਸਲਾ ਕਰਨਾ ਹੋਵੇਗਾ ਕਿ ਰਣਜੀਤ ਸਿੰਘ ਦਾ ਉਤਰਾਧਿਕਾਰੀ ਕੌਣ ਬਣੇ। ਕੰਵਰ ਖੜਕ ਸਿੰਘ ਮੇਰਾ ਮਿੱਤਰ ਹੈ। ਪਰ ਉਹ ਇਹ ਭਾਰ ਝੱਲਣ ਜੋਗਾ ਨਹੀਂ। ਇਸ ਸਮੇਂ ਖ਼ਾਲਸਾ ਰਾਜ ਨੂੰ ਬੇਲਾਗ ਅਤੇ ਧੀਰਜਵਾਨ ਅਗਵਾਈ ਦੀ ਲੋੜ ਹੈ।" ਪਰ ਕਈਆਂ ਲੜਾਈਆਂ ਦੇ ਇਸ ਸੂਰਬੀਰ ਯੋਧੇ ਦੀ ਇਸ ਚੇਤਾਵਨੀ ਨੂੰ ਬੇਧਿਆਨਾ ਹੀ ਨਾ ਕੀਤਾ ਗਿਆ ਸਗੋਂ ਕਈ ਸੁਆਰਥੀ ਅਤੇ ਸਾਜ਼ਿਸ਼ੀ ਦਰਬਾਰੀਆਂ ਨੇ ਇਸੇ ਮਸ਼ਵਰੇ ਕਾਰਨ ਹਰੀ ਸਿੰਘ ਨਲਵੇ ਨੂੰ ਹਿਰਸੀ ਗਰਦਾਨ ਕੇ ਉਸ ਵਿਰੁੱਧ ਨਫ਼ਰਤ ਪੈਦਾ ਕਰਨ ਦਾ ਯਤਨ ਵੀ ਕੀਤਾ।

ਹਰੀ ਸਿੰਘ ਅਤੇ ਬਾਕੀ ਸਰਦਾਰਾਂ ਦੇ ਵਿਰੋਧ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਲਾਟ ਸਾਹਿਬ ਬੈਂਟਿੰਕ ਨਾਲ ਉਪਚਾਰਕ ਮਿਲਣੀ ਲਈ ਤਿਆਰ ਹੋ ਗਿਆ। ਓਧਰ ਬੈਂਟਿੰਕ ਵੀ ਉਤਨਾ ਹੀ ਉਤਸੁਕ ਸੀ। ਸਿੱਟੇ ਵਜੋਂ ਰਣਜੀਤ ਸਿੰਘ ਨੇ ਆਪਣੇ ਸਰਦਾਰਾਂ ਦੇ ਵਿਰੋਧ ਨੂੰ ਮੱਠਾ ਪਾਉਣ ਲਈ ਇਸ ਮਿਲਣੀ ਲਈ ਕੁਝ ਸ਼ਰਤਾਂ ਰੱਖ ਦਿੱਤੀਆਂ :-

1) ਮੀਟਿੰਗ ਕੇਵਲ ਦੋਹਾਂ ਧਿਰਾਂ ਦੀ ਮਿੱਤਰਤਾ ਦ੍ਰਿੜ੍ਹਾਉਣ ਲਈ ਹੋਵੇਗੀ ਅਤੇ ਇਸ ਵਿਚ ਹੋਰ ਕਿਸੇ ਰਾਜਨੀਤਿਕ ਮਸਲੇ ਦਾ ਜ਼ਿਕਰ ਨਹੀਂ ਹੋਵੇਗਾ।
2) ਮੀਟਿੰਗ ਆਨੰਦਪੁਰ-ਮਾਖੋਵਾਲ ਖੇਤਰ ਵਿਚ ਹੋਵੇਗੀ ਅਤੇ ਦੋਵੇਂ ਧਿਰਾਂ ਸਤਲੁਜ ਦਰਿਆ ਦੇ ਆਪੋ-ਆਪਣੇ ਪਾਸੇ ਸ਼ੈਮੇ ਲਗਾਉਣਗੇ (ਆਨੰਦਪੁਰ-ਮਾਖੋਵਾਲ ਕੁਝ ਸਮਾਂ ਪਹਿਲਾਂ ਹੀ ਅੰਗਰੇਜ਼ੀ ਸਾਮਰਾਜੀ ਮਕਬੂਜ਼ਾ ਇਲਾਕੇ ਵਿਚੋਂ ਖ਼ਾਲਸਾ ਰਾਜ ਨੂੰ ਦਿੱਤਾ ਗਿਆ ਸੀ)। ਇਥੇ ਇਸ ਗੱਲ ਦਾ ਵਰਣਨ ਠੀਕ ਰਹੇਗਾ ਕਿ ਬੈਂਟਿੰਕ ਇਹ ਮਿਲਣੀ ਲਾਹੌਰ ਵਿਖੇ ਚਾਹੁੰਦਾ ਸੀ।
3) ਹਰੀ ਸਿੰਘ ਨਲਵੇ ਦੀ ਇਹ ਕਰੜੀ ਸ਼ਰਤ ਸੀ ਕਿ ਖ਼ਾਲਸੇ ਦੀ ਸਵਾਧੀਨ ਸਰਕਾਰ ਦੇ ਮੁਖੀ ਮਹਾਰਾਜਾ ਰਣਜੀਤ ਸਿੰਘ

ਨੂੰ ਮਿਲਣ ਲਈ ਅੰਗਰੇਜ਼ ਗਵਰਨਰ ਜਨਰਲ ਪਹਿਲਾਂ ਆਵੇ। ਕਾਫ਼ੀ ਗੱਲ-ਬਾਤ ਪਿਛੋਂ ਲਾਰਡ ਵਿਲੀਅਮ ਬੈਂਟਿੰਕ ਨੇ ਭਾਰਤ ਵਿਚ ਬਰਤਾਨਵੀ ਫੌਜਾਂ ਦੇ ਪ੍ਰਮੁਖ ਕਮਾਂਡਰ ਦੇ ਭਰਾ ਨੂੰ ਮਹਾਰਾਜਾ ਸਾਹਿਬ ਦੇ ਆਪਣੇ ਪਾਸੇ ਖ਼ੈਮੇ ਵਿਚ ਆਉਣ ਸਮੇਂ ਆਪਣੇ ਵੱਲੋਂ ਸੁਆਗਤ ਲਈ ਭੇਜਣਾ ਮੰਨ ਲਿਆ।

4) ਚੂੰ ਕਿ ਰਣਜੀਤ ਸਿੰਘ ਪਹਿਲੇ ਦਿਨ ਗਵਰਨਰ ਜਨਰਲ ਦੇ ਸੁਆਗਤ ਲਈ ਕੰਵਰ ਖੜਕ ਸਿੰਘ ਨੂੰ ਦਰਿਆ ਦੇ ਕੰਢੇ ਤੋਂ ਮਹਾਰਾਜਾ ਦੇ ਖ਼ੈਮੇ ਤੱਕ ਲਿਆਉਣ ਦਾ ਮਾਣ ਦੇਣਾ ਚਾਹੁੰਦਾ ਸੀ, ਇਸ ਲਈ ਕਮਾਂਡਰ-ਇਨ-ਚੀਫ਼ ਦਾ ਇਸ ਅਵਸਰ 'ਤੇ ਨਾਲ ਜਾਣਾ ਨਿਸ਼ਚਿਤ ਕੀਤਾ ਗਿਆ। ਨਾਲ ਹੀ ਮਹਾਰਾਜਾ ਸਾਹਿਬ ਦੇ ਗਵਰਨਰ ਜਨਰਲ ਦੇ ਖ਼ੈਮੇ ਵਿਚ ਜਾਣ ਸਮੇਂ ਵੀ ਇਸੇ ਪ੍ਰਕਾਰ ਦਾ ਸ਼ਿਸ਼ਟਾਚਾਰ ਕਾਇਮ ਰੱਖਣ ਦਾ ਫ਼ੈਸਲਾ ਹੋਇਆ।

5) ਸਿੱਖ ਸਰਦਾਰ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਸਨ ਕਿ ਸੁਆਗਤ ਦੇ ਅਮਲ ਵਿਚ ਕਿਸੇ ਪੱਖੋਂ ਵੀ ਅਜਿਹਾ ਨਾ ਲੱਗੇ ਕਿ ਖ਼ਾਲਸਾ ਦਰਬਾਰ ਵੱਲੋਂ ਕਿਸੇ ਪ੍ਰਕਾਰ ਦਾ ਕੋਈ ਖ਼ੁਸ਼ਾਮਦੀ ਸੰਕੇਤ ਦਿੱਤਾ ਜਾ ਰਿਹਾ ਸੀ। ਲਾਰਡ ਬੈਂਟਿੰਕ ਨੇ ਇਸ ਸ਼ਰਤ ਦੀ ਵੀ ਪ੍ਰਵਾਨਗੀ ਦੇ ਦਿੱਤੀ।

ਹਰੀ ਸਿੰਘ ਨਲਵਾ ਅੰਗਰੇਜ਼ਾਂ ਨਾਲ ਸੰਬੰਧਾਂ ਵਿਚ ਪੂਰੀ ਸਾਵਧਾਨੀ ਅਤੇ ਸੁਚੇਤ ਰਹਿਣ ਦੀ ਨੀਤੀ 'ਤੇ ਚਲਦਾ ਸੀ। ਇਸੇ ਕਰਕੇ ਰੋਪੜ ਮੀਟਿੰਗ ਤੋਂ ਪਿਛੋਂ ਹਰੀ ਸਿੰਘ ਨਲਵੇ ਦੀ ਚੜ੍ਹਤ ਵਿਚ ਵਾਧਾ ਹੋਇਆ। ਦੋ ਮਹੀਨੇ ਪਿਛੋਂ ਹੀ ਉਸ ਨੂੰ ਰਾਵਲਪਿੰਡੀ ਅਤੇ ਪਿਸ਼ਾਵਰ ਦਾ ਪ੍ਰਸ਼ਾਸਕ ਬਣਾ ਦਿੱਤਾ ਗਿਆ। ਸਾਲ 1831 ਈਸਵੀ ਸਿੱਖ ਰਾਜ ਦੇ ਕੂਟਨੀਤਕ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਰਿਹਾ। ਇਸੇ ਸਾਲ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਕ ਕੂਟਨੀਤਕ ਮਿਸ਼ਨ ਸ਼ਿਮਲੇ ਵਿਖੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਕ ਅਤੇ ਕਮਾਂਡਰ-ਇਨ-ਚੀਫ਼ ਲਾਰਡ ਡਲਹੌਜ਼ੀ ਨੂੰ ਮਿਲਣ ਲਈ ਭੇਜਿਆ ਗਿਆ। ਇਸ ਮਿਸ਼ਨ ਦੇ ਮੁਖੀ ਸਰਦਾਰ ਹਰੀ ਸਿੰਘ ਥਾਪੇ ਗਏ। ਇਸੇ ਸਾਲ ਗਵਰਨਰ ਜਨਰਲ

ਅਤੇ ਮਹਾਰਾਜਾ ਰਣਜੀਤ ਸਿੰਘ ਦੀ ਰੋਪੜ ਵਿਖੇ ਸਤਲੁਜ ਦਰਿਆ ਦੇ ਕੰਢੇ ਮੁਲਾਕਾਤ ਹੋਈ। ਇਸ ਮੁਲਾਕਾਤ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਨੂੰ ਸਪੱਸ਼ਟ ਦੱਸ ਦਿੱਤਾ ਕਿ ਉਸ ਦਾ ਜਾਨਸ਼ੀਨ ਖੜਕ ਸਿੰਘ ਹੀ ਹੋਵੇਗਾ। ਕਨਿੰਘਮ ਅਨੁਸਾਰ ਹਰੀ ਸਿੰਘ ਇਸ ਖੁੱਲ੍ਹੇ ਐਲਾਨ ਦੇ ਵਿਰੁੱਧ ਸੀ। ਹਰੀ ਸਿੰਘ ਨਲਵੇ ਦੀ ਚੜ੍ਹਤ ਤੋਂ ਦੁਖੀ ਅਤੇ ਈਰਖ਼ਾਲੂ ਦਰਬਾਰੀ ਉਸ ਨੂੰ ਮਹਾਰਾਜੇ ਕੋਲ ਹਿਰਸੀ (ambitious) ਵਜੋਂ ਲਗਾਤਾਰ ਭੰਡਣ ਲੱਗੇ। ਇਸੇ ਸਾਲ ਮਹਾਰਾਜਾ ਰਣਜੀਤ ਸਿੰਘ ਅਤੇ ਸ਼ਾਹ ਸ਼ੁਜਾਹ-ਉਲ-ਮੁਲਕ ਵਿਚਕਾਰ ਇੱਕ ਗੁਪਤ ਸੰਧੀ ਹੋਈ ਜਿਸ ਅਨੁਸਾਰ ਸ਼ਾਹ ਸ਼ੁਜਾਹ ਨੇ ਪਿਸ਼ਾਵਰ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਨੂੰ ਦੇਣਾ ਮੰਨ ਲਿਆ। ਉਪਰੰਤ ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਦਾ ਪ੍ਰਸ਼ਾਸਕ ਬਣਾ ਦਿੱਤਾ ਗਿਆ। ਪਰ ਇਥੇ ਇਹ ਤੱਥ ਵੀ ਧਿਆਨ ਗੋਚਰਾ ਹੈ ਕਿ ਇਸ ਸਾਲ ਭਾਵ 1831 ਈਸਵੀ ਉਪਰੰਤ ਖੜਕ ਸਿੰਘ ਦੀ ਜਾਂਨਸ਼ੀਨੀ ਦੇ ਖੁੱਲ੍ਹੇ ਤੌਰ 'ਤੇ ਵਿਰੋਧ ਕਾਰਨ ਹਰੀ ਸਿੰਘ ਨਲਵੇ ਨੂੰ ਖਰੂਦੀ ਕਬਾਇਲੀ ਇਲਾਕਿਆਂ ਵਿਚ ਹੀ ਖ਼ਾਲਸਾ ਰਾਜ ਦੀ ਸੀਮਾ ਦੀ ਰਾਖੀ ਲਈ ਤਾਇਨਾਤ ਰੱਖਿਆ ਗਿਆ ਜਿਸ ਕਰਕੇ ਖ਼ਾਲਸਾ ਦਰਬਾਰ ਵਿਚ ਉਹ ਬਹੁਤਾ ਕਰਕੇ ਗ਼ੈਰ-ਹਾਜ਼ਰ ਹੀ ਰਹਿੰਦਾ। ਡੋਗਰੇ ਭਰਾ (ਵਿਸ਼ੇਸ਼ ਕਰਕੇ ਧਿਆਨ ਸਿੰਘ) ਉਸ ਦਾ ਉਚੇਚਾ ਵਿਰੋਧ ਕਰਦੇ ਰਹੇ ਅਤੇ ਦੋਸਤ ਮੁਹੰਮਦ ਖ਼ਾਨ ਦੇ ਹਮਲੇ ਸਮੇਂ ਹਰੀ ਸਿੰਘ ਨਲਵੇ ਵੱਲੋਂ ਮਹਾਰਾਜੇ ਵੱਲ ਫੌਜੀ ਸਹਾਇਤਾ ਲਈ ਭੇਜੇ ਜ਼ਰੂਰੀ ਸੰਦੇਸ਼ਾਂ/ਪੱਤਰਾਂ ਦੀ ਪਹੁੰਚ ਵਿਚ ਧਿਆਨ ਸਿੰਘ ਰੁਕਾਵਟਾਂ ਬਣਦਾ ਰਿਹਾ।

ਮਈ 1834 ਈਸਵੀ ਵਿਚ ਮਹਾਰਾਜੇ ਨੇ ਕੰਵਰ ਨੌਨਿਹਾਲ ਸਿੰਘ ਅਤੇ ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਦੀ ਪੂਰੀ ਵਾਦੀ ਜਿੱਤ ਕੇ ਖ਼ਾਲਸਾ ਰਾਜ ਨਾਲ ਰਲਾਉਣ ਲਈ ਹੁਕਮ ਦਿੱਤਾ। ਇਹ ਕਾਰਜ ਛੇਤੀ ਹੀ ਇਕ ਬਿਜਲਈ ਮੁਹਿੰਮ ਦੁਆਰਾ ਸੰਪੰਨ ਕਰ ਲਿਆ ਗਿਆ। ਪਿਸ਼ਾਵਰ ਦਾ ਵਿਸ਼ਾਲ ਇਲਾਕਾ ਖਰੂਦੀ ਪਖ਼ਤੂਨ ਕਬੀਲਿਆਂ ਦੀ ਵਸੋਂ ਨਾਲ ਘਿਰਿਆ ਹੋਇਆ ਸੀ ਪਰ ਇਸ ਦੇ ਅੰਦਰੂਨੀ ਭਾਗ ਵਿਚ ਕੋਹਿਸਤਾਨੀ, ਹਿੰਦਕੀ, ਪੰਜਾਬੀ, ਕਸ਼ਮੀਰੀ ਅਤੇ ਤਾਜਿਕ ਕੌਮਾਂ ਵੀ

ਵਸਦੀਆਂ ਸਨ। ਕਾਬਲ ਦੇ ਬਾਦਸ਼ਾਹ ਸਰਦੀਆਂ ਕੱਟਣ ਲਈ ਪਿਸ਼ਾਵਰ ਆ ਰਹਿੰਦੇ ਸਨ। ਪਖ਼ਤੂਨ ਕਬੀਲੇ ਨਿੱਡਰ ਅਤੇ ਲੜਾਕੇ ਸਨ। ਇਸੇ ਲਈ ਪਿਸ਼ਾਵਰ 'ਤੇ ਕਬਜ਼ਾ ਕਰਨਾ ਕਠਨ ਸੀ। ਖ਼ਾਲਸਾ ਫੌਜਾਂ ਨੇ ਤਿੰਨ ਵੇਰ ਪਿਸ਼ਾਵਰ ਜਿੱਤਿਆ ਪਰ ਇਸ ਨੂੰ ਆਪਣੇ ਰਾਜ ਵਿਚ ਮੁਕੰਮਲ ਤੌਰ 'ਤੇ ਸ਼ਾਮਿਲ ਨਹੀਂ ਕੀਤਾ। ਪਿਸ਼ਾਵਰ ਵਪਾਰਕ ਕੇਂਦਰ ਵੀ ਸੀ। ਇਥੋਂ ਦਾ ਵਧੀਆ ਚਾਵਲ ਵੀ ਬਰਾਮਦ ਹੁੰਦਾ ਸੀ। ਪਿਸ਼ਾਵਰ ਉਤੇ ਅਚਾਨਕ ਹੀ ਸਿੱਖਾਂ ਦੇ ਕਬਜ਼ੇ ਦਾ ਜਦੋਂ ਦੋਸਤ ਮੁਹੰਮਦ ਖ਼ਾਨ ਨੂੰ ਪਤਾ ਲੱਗਾ ਤਾਂ ਉਸ ਨੇ ਪਿਸ਼ਾਵਰ ਉੱਪਰ ਜ਼ਬਰਦਸਤ ਹਮਲੇ ਦੀ ਤਿਆਰੀ ਕੀਤੀ। ਪਰ ਜਦੋਂ ਉਸ ਨੂੰ ਖ਼ਾਲਸਾ ਫ਼ੌਜ ਦੀ ਅਸਲੀ ਸ਼ਕਤੀ ਬਾਰੇ ਪੂਰੀ ਜਾਣਕਾਰੀ ਮਿਲੀ ਤਾਂ ਉਸ ਨੇ ਅਫ਼ਗਾਨਿਸਤਾਨ ਅਤੇ ਖ਼ਾਲਸਾ ਰਾਜ ਵਿਚਕਾਰ ਸੀਮਾ ਦੀ ਨਿਸ਼ਾਨਦੇਹੀ ਕਰਨ ਲਈ ਗੱਲਬਾਤ ਕਰਨ ਦਾ ਪ੍ਰਸਤਾਵ ਪੇਸ਼ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਫ਼ਕੀਰ ਅਜ਼ੀਜ਼-ਉਦ-ਦੀਨ ਅਤੇ ਆਪਣੇ ਇਕ ਅਮਰੀਕੀ ਫ਼ੌਜੀ ਅਫ਼ਸਰ, ਹਾਰਲਨ ਨੂੰ ਗੱਲ-ਬਾਤ ਲਈ ਕਾਬਲ ਭੇਜਣਾ ਮੰਨ ਲਿਆ ਪਰ ਦੋਸਤ ਮੁਹੰਮਦ ਨੇ ਇਨ੍ਹਾਂ ਦੋਹਾਂ ਨੂੰ ਕੈਦ ਕਰ ਲਿਆ। ਮਹਾਰਾਜੇ ਨੇ ਇਸ ਧੋਖੇ ਅਤੇ ਵਿਸਾਹਘਾਤ ਦੇ ਉੱਤਰ ਵਜੋਂ ਕਾਬਲ ਰਾਜ ਦੀ ਸੀਮਾ ਦੀ ਪਹਿਲੀ ਚੌਂਕੀ ਉੱਪਰ ਹਮਲਾ ਕਰ ਦਿੱਤਾ। ਦੋਸਤ ਮੁਹੰਮਦ ਇਸ ਤੋਂ ਭੈ ਭੀਤ ਹੋ ਗਿਆ ਅਤੇ ਉਸ ਨੇ ਫ਼ਕੀਰ ਅਜ਼ੀਜ਼-ਉਦ-ਦੀਨ ਅਤੇ ਹਾਰਲਨ ਨੂੰ ਖ਼ਿਲਅਤ ਦੇ ਕੇ ਰਿਹਾਅ ਕਰ ਦਿੱਤਾ। ਇਸ 'ਤੇ ਫ਼ਕੀਰ ਅਜ਼ੀਜ਼-ਉਦ-ਦੀਨ ਨੇ ਮਹਾਰਾਜੇ ਨੂੰ ਸਲਾਹ ਦਿੱਤੀ ਕਿ ਉਹ ਕਾਬਲ ਉੱਪਰ ਚੜ੍ਹਾਈ ਕਰਨ ਵਿਚ ਕਾਹਲੀ ਨਾ ਕਰੇ। ਪਰ ਮਹਾਰਾਜੇ ਨੇ ਆਪਣੀ ਅਫ਼ਗਾਨਾਂ ਪ੍ਰਤੀ ਆਕਰਮਣਸ਼ੀਲ ਨੀਤੀ ਦੇ ਸੰਕੇਤ ਵਜੋਂ ਹਰੀ ਸਿੰਘ ਨਲਵੇ ਨੂੰ ਤੁਰੰਤ ਪਿਸ਼ਾਵਰ ਦਾ ਨਾਜ਼ਮ (ਗਵਰਨਰ) ਨਿਯੁਕਤ ਕਰ ਦਿੱਤਾ। ਇਸੇ ਨੀਤੀ ਅਧੀਨ ਹਰੀ ਸਿੰਘ ਨੇ ਮਿਚਨੀ ਅਤੇ ਸ਼ਕਰਗੜ੍ਹ (ਸ਼ਬਦਕਰ-ਪਹਿਲਾ ਨਾਂ ਸਿੱਖ ਢੇਰੀ) ਵਿਖੇ ਕਿਲ੍ਹੇ ਉਸਾਰੇ ਅਤੇ ਖ਼ੈਬਰ ਦੱਰੇ 'ਤੇ ਨਜ਼ਰ ਰੱਖਣ ਲਈ ਜਮਰੌਦ 'ਤੇ ਕਬਜ਼ਾ ਕਰਕੇ ਉਥੇ ਦੀ ਗੜ੍ਹੀ ਨੂੰ ਫ਼ਤਹਿਗੜ੍ਹ, ਕਿਲ੍ਹੇ ਵਿਚ ਤਬਦੀਲ ਕਰਨ ਦੀ ਵੇਰਵੇ ਭਰਪੂਰ ਯੋਜਨਾ ਤਿਆਰ ਕਰ ਲਈ। ਇਸੇ ਲਈ

ਕਾਬਲ ਦੇ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਹਰੀ ਸਿੰਘ ਨੂੰ ਆਪਣੀ ਇਕ ਚਿੱਠੀ ਵਿਚ ਲਿਖਿਆ ਸੀ, "ਤੁਸੀਂ ਪਿਸ਼ਾਵਰ 'ਤੇ ਆਪਣਾ ਅਧਿਕਾਰ ਰੱਖੋ, ਇਹ ਮਹਾਰਾਜੇ ਦੇ ਇਲਾਕੇ ਵਿਚ ਹੈ ਪਰ ਤੁਸੀਂ ਖ਼ੈਬਰੀਆਂ ਦੇ ਇਲਾਕੇ ਵਿਚੋਂ ਜਮਰੌਦ (ਜੋ ਖ਼ੈਬਰ ਦੀ ਹੱਦ ਹੈ) 'ਤੇ ਕਬਜ਼ਾ ਕਰਕੇ ਚੰਗਾ ਨਹੀਂ ਕੀਤਾ। ਖ਼ੈਬਰੀ ਇਸ ਨੂੰ ਵਾਪਿਸ ਲੈਣ ਲਈ ਕੁਝ ਵੀ ਕਰਨਗੇ ਅਤੇ ਮੇਰਾ ਪੁੱਤਰ, ਮੁਹੰਮਦ ਅਕਬਰ ਖ਼ਾਨ ਉਨ੍ਹਾਂ ਦੀ ਜ਼ਰੂਰ ਸਹਾਇਤਾ ਕਰੇਗਾ। ਇਸ ਲਈ ਚੰਗਾ ਇਹੀ ਹੋਵੇਗਾ ਕਿ ਤੁਸੀਂ ਓਥੇ ਕਿਲ੍ਹਾ ਨਾ ਉਸਾਰੋ।"

*(ਨੈਸ਼ਨਲ ਆਰਕਾਈਵਜ਼)*

ਅਲਫ਼ ਆ ਪਸ਼ੌਰ ਦੇ ਵਿਚ ਯਾਰੋ,
ਹਰੀ ਸਿੰਘ ਹੁਣ ਰਾਜ ਕਮਾਣ ਲੱਗਾ।
ਗ਼ਜ਼ਬਨਾਕ ਅਫ਼ਗਾਨ ਜੁਆਨ ਪੱਕੇ,
ਵਿਚੋਂ ਸੂਈ ਦੇ ਨੱਕੇ ਲੰਘਾਣ ਲੱਗਾ।
ਨਾਲ ਨੋਕ ਸੰਗੀਨ ਮਹੀਨ ਕਰਕੇ,
ਦੇਖੋ ਆਪਣੀ ਈਨ ਮਨਾਣ ਲੱਗਾ।
ਕਾਦਰ ਯਾਰ ਦਲੇਰੀ ਦੇ ਕੰਮ ਕਰਕੇ,
ਨਾਂ ਆਪਣਾ ਰੌਸ਼ਨ ਕਰਾਣ ਲੱਗਾ।

*(ਮਿਸਰ ਹਰੀ ਚੰਦ ਉਰਫ਼ ਕਾਦਰ ਯਾਰ,
ਸੀਹਰਫੀਆਂ ਹਰੀ ਸਿੰਘ ਨਲਵਾ) ਸੀਹਰਫ਼ੀ ਸੋਮ*

ਇਸ ਸਮੇਂ ਤੱਕ ਹਰੀ ਸਿੰਘ ਆਪਣੇ ਜੀਵਨ ਦੀਆਂ ਸਿਖਰ ਪ੍ਰਾਪਤੀਆਂ 'ਤੇ ਪੁਜ ਚੁੱਕਾ ਸੀ। ਅਫ਼ਗਾਨ ਖ਼ੂਨਖ਼ਵਾਰ ਕਬੀਲਿਆਂ ਵਿਚ ਉਸ ਦੀ ਬਹਾਦਰੀ ਅਤੇ ਅਜੀਤਤਾ ਦੀ ਧਾਂਕ ਬੈਠ ਚੁਕੀ ਸੀ। ਰਵਾਇਤ ਪ੍ਰਚਲਤ ਹੈ ਕਿ ਖ਼ਲੀਲ ਅਤੇ ਮੋਹਮੰਦ ਕਬੀਲਿਆਂ ਦੀਆਂ ਆਪਣੇ ਬੱਚਿਆਂ ਨਾਲ ਛਿੱਥੀਆਂ ਪਈਆਂ ਔਰਤਾਂ ਆਪਣੇ ਰੋਂਦੇ ਬਾਲ ਚੁਪ ਕਰਾਉਣ ਲਈ ਕਹਿੰਦੀਆਂ 'ਚੁਪ ਸ਼ੌ, ਹਰੀਆ ਰਾਗਲੇ' (ਚੁੱਪ ਕਰ ਹਰੀ ਸਿੰਘ ਆ ਗਿਆ)। ਪਿਸ਼ਾਵਰ ਅਤੇ ਦੱਰਾ ਖ਼ੈਬਰ ਦੇ ਰਾਹ ਦੀ ਚੋਟੀ ਜਮਰੌਦ ਜਿੱਤਣ ਤੋਂ ਪਿਛੋਂ, ਭਾਰਤੀ ਉਪ-ਮਹਾਂਦੀਪ ਦੇ ਸਰਹੱਦੀ ਇਲਾਕਿਆਂ ਵਿਚ, ਜਿਥੋਂ 800 ਸਾਲ ਲਗਾਤਾਰ ਵਿਭਿੰਨ

ਧਾੜਵੀਆਂ ਨੇ ਆ ਕੇ ਭਾਰਤੀ ਮੈਦਾਨਾਂ ਨੂੰ ਲਿਤਾੜਿਆ ਸੀ, ਉਥੇ ਹੁਣ ਹਰੀ ਸਿੰਘ ਨਲਵੇ ਦਾ ਨਾਂ ਗੂੰਜਣ ਲੱਗਾ। ਅੰਗਰੇਜ਼ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਲਾਇਕ; ਬਹਾਦਰ ਅਤੇ ਵਫ਼ਾਦਾਰ ਸਰਦਾਰ ਮੰਨਦੇ ਸਨ। ਉਸ ਦੀ ਤੀਖਣ ਬੁੱਧੀ ਅਤੇ ਯੁਧ-ਕਲਾ ਵਿਚ ਪਰਪੱਕਤਾ ਦੇ ਵੀ ਉਹ ਚੰਗੇ ਪ੍ਰਸੰਸਕ ਸਨ। ਖ਼ਾਲਸਾ ਰਾਜ ਤੋਂ ਪਹਿਲਾਂ ਸਰਹੱਦੀ ਇਲਾਕੇ ਵਿਚ ਅਫ਼ਗ਼ਾਨ ਧਾੜਵੀ ਕਬਜ਼ੇ ਕਰਦੇ, ਅਤੇ ਜ਼ੋਰ-ਜਬਰ ਕਰਦੇ ਰਹਿੰਦੇ ਸਨ। ਹਰੀ ਸਿੰਘ ਨਲਵੇ ਨੇ ਖ਼ਾਲਸਾ ਫੌਜਾਂ ਦਾ ਅਫ਼ਗ਼ਾਨਾਂ ਉਤੇ ਪੂਰਾ ਦਬਦਬਾ ਬਣਾ ਦਿੱਤਾ ਅਤੇ ਉਸ ਦੇ ਨਾਂ ਦੀ ਏਨੀ ਦਹਿਸ਼ਤ ਸੀ ਕਿ ਇਲਾਕੇ ਵਿਚ ਅਮਨ ਸ਼ਾਂਤੀ ਬਣਿਆ ਰਹਿੰਦਾ ਸੀ।

1837 ਈ: ਮਾਰਚ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌ ਨਿਹਾਲ ਸਿੰਘ ਸਪੁੱਤਰ ਕੰਵਰ ਖੜਕ ਸਿੰਘ ਦਾ ਵਿਆਹ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਲੜਕੀ ਨਾਲ ਹੋਣਾ ਨਿਸ਼ਚਿਤ ਹੋਇਆ। ਰਣਜੀਤ ਸਿੰਘ ਇਸ ਵਿਆਹ ਦੇ ਅਵਸਰ ’ਤੇ ਆਪਣੇ ਰਾਜ ਦੀ ਸ਼ਾਨ, ਖੁਸ਼ਹਾਲੀ ਅਤੇ ਸ਼ਕਤੀ ਦਾ ਖੁਲ੍ਹ ਕੇ ਵਿਖਾਵਾ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਸਤਲੁਜ-ਹਿਠਾੜ ਇਲਾਕਿਆਂ ਦੇ ਸਿੱਖ ਰਾਜੇ/ਮਹਾਰਾਜਿਆਂ ਅਤੇ ਬਰਤਾਨਵੀ ਗਵਰਨਰ ਜਨਰਲ ਤੇ ਕਮਾਂਡਰ-ਇਨ-ਚੀਫ਼ ਨੂੰ ਵੀ ਸੱਦਾ ਦਿੱਤਾ। ਗਵਰਨਰ ਜਨਰਲ ਤਾਂ ਨਾ ਆਇਆ ਪਰ ਸਰ ਹੈਨਰੀ ਫ਼ੇਨ ਕਮਾਂਡਰ-ਇਨ-ਚੀਫ਼ ਅਤੇ ਉਸ ਦੀ ਪਤਨੀ ਵਿਸ਼ਿਸਟ ਪ੍ਰਾਹੁਣਿਆਂ ਵਜੋਂ ਹਾਜ਼ਰ ਹੋਏ। ਇਸ ਸਮੇਂ ਹਰੀ ਸਿੰਘ ਨਲਵੇ ਦੀ ਗੈਰ-ਹਾਜ਼ਰੀ ਬੜੀ ਰੜਕਦੀ ਰਹੀ। ਕੰਵਰ ਨੌ ਨਿਹਾਲ ਸਿੰਘ ਨੇ ਮਹਾਰਾਜਾ ਸਾਹਿਬ ਦੇ ਕਹਿਣ ’ਤੇ ਸਰਦਾਰ ਹਰੀ ਸਿੰਘ ਨਾਲ ਅਫ਼ਗ਼ਾਨੀ ਇਲਾਕਿਆਂ ਦੀਆਂ ਮੁਹਿੰਮਾਂ ਵਿਚ ਭਾਗ ਲਿਆ ਸੀ। ਉਸ ਨੇ ਨਿੱਜੀ ਸੰਦੇਸ਼ ਵੀ ਭੇਜੇ ਪਰ ਹਰੀ ਸਿੰਘ ਨਾ ਆਇਆ। ਇਸ ਦੇ ਇਤਿਹਾਸਕ ਪੱਖ ਤੋਂ ਦੋ ਕਾਰਨ ਸਮਝੇ ਜਾ ਸਕਦੇ ਸਨ। ਇਕ ਤਾਂ ਹਰੀ ਸਿੰਘ ਨੂੰ ਦੋਸਤ ਮੁਹੰਮਦ ਖ਼ਾਨ ਵੱਲੋਂ ਜ਼ਬਰਦਸਤ ਅਫ਼ਗਾਨੀ ਹਮਲੇ ਦੀ ਸੰਭਾਵਨਾ ਸਪਸ਼ਟ ਦਿੱਖ ਰਹੀ ਸੀ ਅਤੇ ਦੂਸਰੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਕੰਵਰ ਖੜਕ ਸਿੰਘ

ਨੂੰ ਜਾਨਸ਼ੀਨ ਬਣਾਉਣ ਦਾ ਪੱਕਾ ਇਰਾਦਾ ਉਸ ਨੂੰ ਖ਼ਾਲਸਾ ਰਾਜ ਦੀ ਸਲਾਮਤੀ ਲਈ ਗੰਭੀਰ ਵੰਗਾਰ ਜਾਪ ਰਿਹਾ ਸੀ। ਆਪਣੇ ਇਸ ਦਾਈਏ ਨੂੰ ਪੂਰਾ ਕਰਨ ਲਈ ਮਹਾਰਾਜਾ ਅੰਗਰੇਜ਼ਾਂ ਦੀ ਕੋਈ ਵੀ ਮੰਗ ਪੂਰੀ ਕਰਨ ਲਈ ਤਿਆਰ ਬੈਠਾ ਸੀ। ਇਸ ਸਥਿਤੀ ਦਾ; ਸਾਜ਼ਿਸ਼ੀ ਡੋਗਰੇ, ਮੇਰਠ ਦੇ ਬ੍ਰਾਹਮਣ ਦਰਬਾਰੀ; ਕੁਝ ਪੰਜਾਬੀ ਹਿੰਦੂ ਅਤੇ ਦੋਸਤ ਮੁਹੰਮਦ ਖ਼ਾਨ ਪੂਰਾ ਫ਼ਾਇਦਾ ਉਠਾਉਣ ਲਈ ਤੱਤਪਰ ਸਨ। ਅਫ਼ਗ਼ਾਨੀ ਹਮਲੇ ਦੀ ਸੰਭਾਵਨਾ ਸੰਬੰਧੀ ਹਰੀ ਸਿੰਘ ਦੀ ਦੂਰ-ਰਸੀ ਸੋਚ ਤਾਂ ਛੇਤੀ ਹੀ ਸਾਹਮਣੇ ਆਉਣ ਦੇ ਹਾਲਾਤ ਬਣ ਗਏ। ਇਸ ਲਈ ਹਰੀ ਸਿੰਘ ਨੇ ਮਹਾਰਾਜੇ ਨੂੰ ਵਿਸ਼ੇਸ਼ ਦੂਤਾਂ ਰਾਹੀਂ ਤੁਰੰਤ ਫ਼ੌਜੀ ਕੁਮਕ (ਸਹਾਇਤਾ) ਭੇਜਣ ਲਈ ਤਿੰਨ ਸੰਦੇਸ਼ ਭੇਜੇ। ਸਮਝਿਆ ਜਾਂਦਾ ਹੈ ਕਿ ਇਹ ਸੰਦੇਸ਼ ਰਾਜਾ ਧਿਆਨ ਸਿੰਘ ਨੇ ਮਹਾਰਾਜੇ ਤੱਕ ਨਾ ਪੁੱਜਣ ਦਿੱਤੇ ਅਤੇ ਉਥੇ ਸਮੇਂ ਸਿਰ ਸੈਨਿਕ ਸਹਾਇਤਾ ਨਾ ਮਿਲ ਸਕੀ। ਪਹਿਲੀ ਵੇਰ ਹਰੀ ਸਿੰਘ ਨੇ ਲਿਖਿਆ ਸੀ: 'ਅਫ਼ਗ਼ਾਨ ਵਹੀਰ ਜਲਾਲਾਬਾਦ ਤੱਕ ਪੁਜ ਗਈ ਹੈ।' ਦੂਸਰੇ ਪੱਤਰ ਵਿਚ ਸੂਚਨਾ ਘੱਲੀ ਗਈ ਸੀ ਕਿ 'ਮੁਹੰਮਦ ਅਫ਼ਜ਼ਲ ਨੇ ਜਮਰੌਦ ਦੇ ਦਾਮਨ ਕੋਲ ਪੁੱਜ ਕੇ ਮੋਰਚਾ ਕਾਇਮ ਕਰ ਲਿਆ ਹੈ।' ਨਾਲ ਹੀ ਇਹ ਵੀ ਕਿ 'ਹਰੀ ਸਿੰਘ ਨੇ ਆਪ ਅਲੀ ਮਰਦਾਨ ਦੇ ਬਾਗ਼ ਵਿਚ ਪਿਸ਼ਾਵਰ ਦੀ ਰੱਖਿਆ ਲਈ ਤੋਪਖਾਨਾ ਬੀੜ ਲਿਆ ਹੈ।' ਤੀਸਰੀ ਚਿੱਠੀ ਵਿਚ ਹਰੀ ਸਿੰਘ ਨਲਵੇ ਨੇ ਆਪਣੀ ਪਿਸ਼ਾਵਰ ਤੋਂ ਜਮਰੌਦ ਵੱਲ ਕੂਚ ਕਰਨ ਦੀ ਸੂਚਨਾ ਭੇਜੀ। ਹਰੇਕ ਚਿੱਠੀ ਵਿਚ ਸੈਨਿਕ ਸਹਾਇਤਾ ਦੇ ਛੇਤੀ ਭੇਜਣ ਲਈ ਬੇਨਤੀ ਕੀਤੀ ਗਈ ਸੀ। ਇਨ੍ਹਾਂ ਘਟਨਾਵਾਂ ਸੰਬੰਧੀ ਲਿਖਦਿਆਂ ਪ੍ਰਸਿੱਧ ਇਤਿਹਾਸਕਾਰ ਕਨਿੰਘਮ ਜ਼ੋਰਦਾਰ ਸ਼ਬਦਾਂ ਵਿਚ ਕਹਿੰਦਾ ਹੈ ਕਿ "ਸ਼ਾਇਦ ਰਣਜੀਤ ਸਿੰਘ ਆਪ ਹੀ ਹਰੀ ਸਿੰਘ ਤਾਈਂ ਈਰਖਾ ਕਰਨ ਲੱਗ ਪਿਆ ਸੀ। ਨਾਲ ਹੀ ਉਹ ਇਹ ਵੀ ਕਹਿੰਦਾ ਹੈ ਕਿ ਹਰੀ ਸਿੰਘ ਜੋਸ਼ੀਲਾ ਅਤੇ ਨਿਸ਼ਠਾਵਾਨ ਸਿੱਖ ਸੀ। ਉਹ ਕਦੇ ਵੀ ਧੋਖੇਬਾਜ਼ ਨਹੀਂ ਹੋ ਸਕਦਾ ਸੀ। ਉਹ ਤਾਂ ਬੇਲਾਗ ਨੇਕ-ਨੀਤੀ ਵਾਲਾ ਇਨਸਾਨ ਸੀ। ਦੁਸ਼ਮਨ ਤਾਂ ਉਸ ਤੋਂ ਡਰਦੇ ਹੀ ਸਨ ਪਰ ਉਸ ਦੀ ਹਾਜ਼ਰੀ ਵਿਚ ਦਰਬਾਰੀ ਵੀ ਉਸ ਤੋਂ ਕੰਨੀ ਕਤਰਾਉਂਦੇ ਸਨ।"

ਇਸ ਪੜਾਅ 'ਤੇ ਜਮਰੌਦ ਦੀ ਲੜਾਈ ਦਾ ਸੰਖੇਪ ਹਾਲ ਦੇਣਾ ਜ਼ਰੂਰੀ ਜਾਪਦਾ ਹੈ। ਅਮੀਰ ਦੋਸਤ ਮੁਹੰਮਦ ਖਾਨ ਪਿਸ਼ਾਵਰ ਅਤੇ ਜਮਰੌਦ ਹੱਥੋਂ ਨਿਕਲ ਜਾਣ ਨੂੰ ਬਰਦਾਸ਼ਤ ਨਹੀਂ ਕਰ ਰਿਹਾ ਸੀ। ਨਾਲ ਹੀ ਅਫ਼ਗ਼ਾਨਾਂ ਵਿਚ ਇਸ ਗੱਲ ਤੋਂ ਵੀ ਘਬਰਾਹਟ ਸੀ ਕਿ ਹਰੀ ਸਿੰਘ ਕਿਲ੍ਹੇ ਉਸਾਰ ਕੇ ਇਨ੍ਹਾਂ ਇਲਾਕਿਆਂ ਉੱਪਰ ਆਪਣਾ ਕਬਜ਼ਾ ਛੇਤੀ ਹੀ ਪੱਕਾ ਕਰਨ ਦੇ ਉਪਰਾਲੇ ਕਰ ਰਿਹਾ ਸੀ। ਇਸ ਲਈ ਦੋਸਤ ਮੁਹੰਮਦ ਨੇ ਆਪਣੇ ਲਾਇਕ ਅਤੇ ਯੋਗ ਸਪੁੱਤਰ, ਮਿਰਜ਼ਾ ਸਮੀ ਖ਼ਾਨ ਨੂੰ 30,000 ਮੁਲਖਈਆ ਫ਼ੌਜਾਂ ਅਤੇ 40 ਵੱਡੀਆਂ ਤੋਪਾਂ ਦੇ ਕੇ ਖ਼ੈਬਰ ਵੱਲ ਕੂਚ ਕਰਵਾਇਆ ਅਤੇ ਨਾਲ 2000 ਰਸਾਲਾ ਫ਼ੌਜ, 10,000 ਮੁਲਖਈਆ ਅਤੇ 6 ਤੋਪਾਂ ਹੋਰ ਘੱਲੀਆਂ। ਸਮੀ ਖ਼ਾਨ ਨੇ ਲੰਡੀਖਾਨੇ ਪੁੱਜਦੇ ਸਾਰ ਸਾਰੇ ਅਫ਼ਗ਼ਾਨ ਕਬੀਲਿਆਂ ਨੂੰ ਮਿੱਲਤ ਦੇ ਨਾਂ 'ਤੇ ਇਕੱਠਾ ਕਰ ਲਿਆ। ਉਸ ਨੂੰ ਪਤਾ ਸੀ ਕਿ ਇਸ ਸਮੇਂ ਪਿਸ਼ਾਵਰ ਤੋਂ ਕਾਫ਼ੀ ਖ਼ਾਲਸਾ ਫ਼ੌਜ ਕੰਵਰ ਨੌ ਨਿਹਾਲ ਸਿੰਘ ਦੀ ਸ਼ਾਦੀ ਵਿਚ ਆਏ ਬਦੇਸ਼ੀ ਪ੍ਰਾਹੁਣਿਆਂ ਦੇ ਸੁਰੱਖਿਆ ਪ੍ਰਬੰਧਾਂ ਲਈ ਗਈ ਹੋਈ ਸੀ ਅਤੇ ਉਹ ਇਸ ਅਵਸਰ ਨੂੰ ਆਪਣੇ ਹੱਥੋਂ ਗੁਆਉਣਾ ਨਹੀਂ ਚਾਹੁੰਦਾ ਸੀ। ਛੇਤੀ ਹੀ ਦੋਹੀਂ ਪਾਸੀਂ ਗੋਲਾ-ਬਾਰੀ ਸ਼ੁਰੂ ਹੋ ਗਈ। ਜਮਰੌਦ ਦੇ ਕਿਲ੍ਹੇਦਾਰ ਮਹਾਂ ਸਿੰਘ ਨੇ ਆਪਣੀ ਦੇਖ-ਰੇਖ ਵਿਚ ਭਾਰੀ ਗੋਲਾ-ਬਾਰੀ ਕਰਵਾਈ ਅਤੇ ਸਿੱਟੇ ਵਜੋਂ ਅਫ਼ਗ਼ਾਨੀ ਵਹੀਰ ਅੱਗੇ ਨਾ ਵਧ ਸਕੀ। ਦੂਸਰੇ ਦਿਨ ਦੀ ਭਿਆਨਕ ਜੰਗ ਦੇ ਸਿੱਟੇ ਵਜੋਂ ਕਿਲ੍ਹੇ ਦੀ ਇਕ ਪਾਸੇ ਦੀ ਫ਼ਸੀਲ ਵਿਚ ਪਾੜ ਪੈ ਗਿਆ। ਪਰ ਅਫ਼ਗ਼ਾਨੀ ਫੌਜਾਂ ਨੇ ਕਿਲ੍ਹੇ ਵਿਚ ਦਾਖ਼ਲ ਹੋ ਕੇ ਕਬਜ਼ਾ ਕਰਨ ਦਾ ਹੀਆ ਨਾ ਕੀਤਾ। ਸਿੱਟੇ ਵਜੋਂ ਮਹਾਂ ਸਿੰਘ ਨੇ ਰਾਤੋ-ਰਾਤ ਕਿਲ੍ਹੇ ਦੀ ਦੀਵਾਰ ਵਿਚ ਪਏ ਪਾੜ ਨੂੰ ਭਰ ਕੇ ਕਿਲ੍ਹੇ ਦੀ ਮਜ਼ਬੂਤੀ ਸੁਨਿਸ਼ਚਿਤ ਕਰ ਲਈ। ਪਰ ਇਸ ਸਮੇਂ ਦੀ ਸਥਿਤੀ ਬਾਰੇ ਸ. ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਵਿਖੇ ਵੇਰਵੇ ਭਰਪੂਰ ਜਾਣਕਾਰੀ ਦੇਣੀ ਜ਼ਰੂਰੀ ਸੀ। ਕਿਲ੍ਹੇਦਾਰ ਮਹਾਂ ਸਿੰਘ ਨੇ ਇਹ ਕਠਿਨ ਕਾਰਜ ਨੇਪਰੇ ਚਾੜ੍ਹਨ ਲਈ ਕਿਲ੍ਹੇ ਵਿਚਲੇ ਜਵਾਨਾਂ ਨੂੰ ਵੰਗਾਰਿਆ। ਉਸ ਸਮੇਂ ਅਛੋਪ ਹੀ ਇਕ ਨੌਜਵਾਨ ਹਿੰਮਤੀ ਔਰਤ ਹਰਸ਼ਰਨ ਕੌਰ ਨੇ ਇਹ ਕਾਰਜ ਰਾਤੋ-

ਰਾਤ ਕਰਨ ਦਾ ਜ਼ਿੰਮਾ ਲੈ ਲਿਆ। ਕੁੱਤੇ ਦੇ ਭੇਸ ਵਿਚ ਇਹ ਯੁਵਤੀ ਪਹਾੜੀਆਂ ਵਿਚੋਂ ਟਪੂਸੀਆਂ ਮਾਰਦੀ ਸਵੇਰੇ ਦੋ ਵਜੇ ਕਰੀਬ ਹਰੀ ਸਿੰਘ ਨਲਵੇ ਕੋਲ ਜਾ ਪੇਸ਼ ਹੋਈ। ਹਰੀ ਸਿੰਘ ਨੇ ਬਹਾਦਰ ਹਰਸ਼ਰਨ ਕੌਰ ਦੇ ਸਨਮਾਨ ਵਿਚ ਤੋਪ ਦਾ ਇਕ ਗੋਲਾ ਦਾਗਣ ਦਾ ਹੁਕਮ ਦਿੱਤਾ ਅਤੇ ਨਾਲ ਹੀ ਦਸ ਹਜ਼ਾਰ ਸੈਨਿਕਾਂ ਦੀ ਇਕ ਬਟਾਲੀਅਨ ਨੂੰ ਤੁਰੰਤ ਜਮਰੌਦ ਵੱਲ ਕੂਚ ਕਰਵਾ ਦਿੱਤਾ। ਇਸ ਸਮੇਂ ਹਰੀ ਸਿੰਘ ਨੂੰ ਬੁਖ਼ਾਰ ਚੜ੍ਹਿਆ ਹੋਇਆ ਸੀ ਅਤੇ ਵੈਦਾਂ ਨੇ ਉਸ ਨੂੰ ਪੂਰੇ ਆਰਾਮ ਦੀ ਸਲਾਹ ਦੇ ਰੱਖੀ ਸੀ। ਪਰ ਫੇਰ ਵੀ ਹਰੀ ਸਿੰਘ ਨੇ ਮੈਦਾਨ-ਏ-ਜੰਗ ਵਿਚ ਪੁੱਜ ਕੇ ਸੂਰਮਿਆਂ ਨਾਲ ਜੂਝਣ ਦਾ ਫ਼ੈਸਲਾ ਕਰ ਲਿਆ। ਦਿਨ ਚੜ੍ਹਦੇ ਹੀ ਹਰੀ ਸਿੰਘ ਮੈਦਾਨ-ਏ-ਜੰਗ ਵਿਚ ਅਫ਼ਗ਼ਾਨਾਂ ਨੂੰ ਲਲਕਾਰ ਰਿਹਾ ਸੀ। ਨਲੂਏ ਦੀ ਪਹੁੰਚ ਨੇ ਖ਼ਾਲਸਾ ਫ਼ੌਜ ਦੇ ਹੌਂਸਲੇ ਬੁਲੰਦ ਕਰ ਦਿੱਤੇ। ਅਫ਼ਗ਼ਾਨਾਂ ਨੇ ਬੜੀ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ ਪਰ ਕੁਝ ਸਮੇਂ ਪਿਛੋਂ ਉਨ੍ਹਾਂ ਦੇ ਪੈਰ ਉਖੜਣ ਲੱਗੇ। ਨਵਾਬ ਸਮੀ ਖ਼ਾਨ ਦੇ ਜ਼ਖ਼ਮੀ ਹੋਣ ਕਰਕੇ ਅਫ਼ਗ਼ਾਨੀ ਵਹੀਰ ਵਿਚ ਭਾਜੜ ਪੈ ਗਈ। ਇਸ ਲੜਾਈ ਵਿਚ ਮੰਗਲ ਸਿੰਘ ਰਾਮਗੜ੍ਹੀਏ ਨੇ ਵੱਡੀ ਬੀਰਤਾ ਦਿਖਾਈ। ਹਰੀ ਸਿੰਘ ਨੇ ਉਸਨੂੰ 'ਬਹਾਦੁਰ ਮੰਗਲ ਸਿੰਘ' ਕਹਿ ਕੇ ਉਸ ਦੀ ਪ੍ਰਸੰਸਾ ਕੀਤੀ। ਮਿਚਨੀ ਅਤੇ ਸ਼ੰਕਰਗੜ੍ਹ ਦੇ ਕਿਲ੍ਹਿਆਂ ਦੀ ਰੱਖਿਆ ਸ. ਲਹਿਣਾ ਸਿੰਘ ਸੰਧਾਵਾਲੀਏ ਨੇ ਬੜੀ ਜੁਗਤੀ ਅਤੇ ਬਹਾਦਰੀ ਨਾਲ ਕੀਤੀ ਅਤੇ ਹਾਜੀ ਖ਼ਾਨ ਨੂੰ ਉਸ ਨੇ ਪਹਾੜੀ ਖੁੰਦਰਾਂ ਵਿਚ ਹੀ ਘੇਰੀ ਰੱਖਿਆ।

ਅਫ਼ਗ਼ਾਨੀ ਗ਼ਾਜ਼ੀਆਂ ਵਿਚ ਪਈ ਭਾਜੜ ਪਿਛੋਂ ਹਰੀ ਸਿੰਘ ਨਲਵਾ ਕਿਲ੍ਹੇ ਜਮਰੌਦ ਵੱਲ ਵਾਪਿਸ ਮੁੜ ਪਿਆ। ਇਸ ਸਮੇਂ ਅਚਾਨਕ ਹੀ ਹਰੀ ਸਿੰਘ ਉੱਪਰ ਦੋ ਗੋਲੇ ਆ ਡਿੱਗੇ। ਸਿਆਣੇ ਸਰਦਾਰ ਨੇ ਮਾਰੂ ਜ਼ਖ਼ਮ ਹੋ ਜਾਣ 'ਤੇ ਵੀ ਪੂਰੇ ਸਾਹਸ ਨਾਲ ਆਪਣੇ ਘੋੜੇ ਦੀ ਮੁਹਾੜ ਕਿਲ੍ਹੇ ਵੱਲ ਮੋੜ ਲਈ ਤਾਂ ਜੋ ਫ਼ੌਜਾਂ ਵਿਚ ਕੋਈ ਨਿਰਾਸ਼ਾ ਨਾ ਬਣ ਜਾਵੇ। ਵੇਡ ਨੇ ਲਿਖਿਆ ਹੈ ਕਿ ਨਲਵੇ ਸਰਦਾਰ ਨੂੰ ਚਾਰ ਜ਼ਖ਼ਮ ਹੋਏ। ਦੋ ਛਾਤੀ ਵਿਚ ਤਲਵਾਰ ਦੇ ਜ਼ਖ਼ਮ ਸਨ ਅਤੇ ਇਕ ਤੀਰ ਛਾਤੀ ਵਿਚ ਧੱਸ ਗਿਆ ਸੀ ਜਿਸ ਨੂੰ ਹਰੀ ਸਿੰਘ ਨੇ ਆਪ

ਹੀ ਬਾਹਰ ਖਿੱਚ ਦਿੱਤਾ ਸੀ। ਇਸ ਤੋਂ ਪਿਛੋਂ ਵੀ ਉਹ ਫ਼ੌਜਾਂ ਨੂੰ ਹੁਕਮ ਦਿੰਦਾ ਰਿਹਾ ਜਦੋਂ ਤੱਕ ਕਿ ਇਕ ਪਾਸੇ ਬੰਦੂਕ ਦਾ ਗੋਲਾ ਉਸ ਨੂੰ ਘਾਇਲ ਨਾ ਕਰ ਗਿਆ। ਜਦੋਂ ਉਹ ਕਿਲ੍ਹੇ ਵਿਚ ਪੁੱਜਾ ਤਾਂ ਉਸ ਨੇ ਹਦਾਇਤ ਕੀਤੀ ਕਿ ਉਸ ਦੀ ਮੌਤ ਦੀ ਖ਼ਬਰ ਓਦੋਂ ਤੱਕ ਗੁਪਤ ਰੱਖੀ ਜਾਵੇ, ਜਦੋਂ ਤੱਕ ਮਹਾਰਾਜੇ ਵੱਲੋਂ ਫੌਜੀ ਸਹਾਇਤਾ ਨਾ ਪੁੱਜ ਜਾਵੇ। ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਨੂੰ ਜਦੋਂ ਹਰੀ ਸਿੰਘ ਨਲਵੇ ਦੀ ਮੌਤ ਦੀ ਖ਼ਬਰ ਮਿਲੀ, ਤਾਂ ਉਹ ਆਪਣੇ ਇਸ ਨਿਸ਼ਕਪਟ ਅਤੇ ਸੱਚੇ-ਸੁੱਚੇ ਵਫ਼ਾਦਾਰ ਜਰਨੈਲ ਦੀ ਮੌਤ ’ਤੇ ਬਹੁਤ ਰੋਇਆ। ਅਫ਼ਗ਼ਾਨਾਂ ਦੇ ਪ੍ਰਸਿੱਧ ਇਤਿਹਾਸਕਾਰ ਓਲਾਂਫ਼ ਕਾਰੋ ਅਨੁਸਾਰ ਹਰੀ ਸਿੰਘ ਨਲਵਾ ਆਦਰਸ਼ ਸਿੱਖ ਯੋਧਾ ਸੀ, ਖਰ੍ਹਵਾ ਪਰ ਭਰੋਸੇਯੋਗ, ਦਰਸ਼ਨੀ ਸੂਰਮਾ ਅਤੇ ਰਣਜੀਤ ਸਿੰਘ ਦੇ ਸਾਰੇ ਜਰਨੈਲਾਂ ਵਿਚੋਂ ਵਧੇਰੇ ਜੋਸ਼ੀਲਾ ਤੇ ਹਿੰਮਤੀ ਸੀ:

ਰਣਜੀਤ ਸਿੰਘ ਸਰਕਾਰ ਦੇ ਅਫ਼ਸਰਾਂ ਨੂੰ,
ਡਿੱਠਾ ਨਜ਼ਰ ਮੈਂ ਪਾ ਕੇ ਸਾਰਿਆਂ ਵਿਚ।
ਕਾਦਰ ਯਾਰ ਬਹਾਦਰਾਂ ਵਿਚ ਚਮਕੇ,
ਹਰੀ ਸਿੰਘ ਜਿਉਂ ਚੰਦ ਸਿਤਾਰਿਆਂ ਵਿਚ।

*(ਮਿਸਰੀ ਹਰੀ ਚੰਦ ਉਰਫ਼ ਕਾਦਰਯਾਰ)*
*ਸੀਹਰਫ਼ੀ ਅੱਵਲ, -ਸੀਹਰਫ਼ੀਆਂ ਹਰੀ ਸਿੰਘ ਨਲਵਾ*

ਹਿੰਦੁਸਤਾਨ ਦੇ ਇਤਿਹਾਸ ਵਿਚ ਜਮਰੌਦ ਦੀ 1837 ਈ: ਦੀ ਜੰਗ ਇਕ ਮੀਲ ਪੱਥਰ ਹੈ ਅਤੇ ਇਸ ਦਾ ਨਿਵੇਕਲਾ ਹੀ ਮਹੱਤਵ ਮੰਨਿਆ ਜਾਂਦਾ ਹੈ। ਇਸ ਦੁਆਰਾ ਨਾ ਕੇਵਲ ਮਹਾਰਾਜਾ ਰਣਜੀਤ ਸਿੰਘ ਅਧੀਨ 40 ਸਾਲ ਵਿਚ ਉਭਰੀ ਸਿੱਖ ਸ਼ਕਤੀ ਦ੍ਰਿਸ਼ਟਮਾਨ ਹੁੰਦੀ ਹੈ ਸਗੋਂ ਪਿਛਲੇ 800 ਸਾਲਾਂ ਦੇ ਇਤਿਹਾਸ ਵਿਚ ਤਿੱਖਾ ਮੋੜ ਉਲੀਕਿਆ ਗਿਆ। ਜਮਰੌਦ ਦੀ ਜੰਗ ਸਮੇਂ ਅਫ਼ਗ਼ਾਨਾਂ ਵਿਚਕਾਰ ਹਰੀ ਸਿੰਘ ਨਲਵੇ ਦੇ ਆਪਣੇ ਨਾਂ ਦਾ ਹੀ ਇਤਨਾ ਭੈ ਸੀ ਕਿ ਕੇਵਲ ਇਸੇ ਕਰਕੇ ਹੀ ਕਈ ਦਿਨ ਅਫ਼ਗ਼ਾਨ ਵਹੀਰਾਂ ਜਮਰੌਦ ਦੇ ਕਿਲ੍ਹੇ ਵੱਲ ਕੋਈ ਪੇਸ਼ ਕਦਮੀ ਨਾ ਕਰ ਸਕੀਆਂ।

ਹਰੀ ਸਿੰਘ ਨਲਵਾ ਉਨ੍ਹੀਵੀਂ ਸ਼ਤਾਬਦੀ ਦੇ ਉਨ੍ਹਾਂ ਵਿਰਲੇ

ਇਤਿਹਾਸਕ ਨਾਇਕਾਂ ਵਿਚੋਂ ਹੋਇਆ ਹੈ ਜਿਨ੍ਹਾਂ ਦੇ ਕਾਰਨਾਮੇ ਆਉਂਦੀਆਂ ਪੀੜ੍ਹੀਆਂ ਲਈ ਪਹਿਲਾਂ ਪ੍ਰੇਰਨਾਦਾਇਕ ਦੰਦ ਕਥਾਵਾਂ ਅਤੇ ਫੇਰ ਗਾਥਾਵਾਂ ਬਣ ਗਏ। ਜੇ ਵਰਤਮਾਨ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਉੱਤਰ-ਪੱਛਮੀ ਖੇਤਰ ਵਿਚ ਡਾਕੂਆਂ, ਲੁਟੇਰਿਆਂ ਅਤੇ ਕਬਾਇਲੀ ਧਾੜਵੀਆਂ ਨੂੰ ਸੱਭਿਅਕ ਬਣਾ ਕੇ ਹੀ ਹਰੀ ਸਿੰਘ ਨਲਵੇ ਨੂੰ ਆਮ ਜਨਤਾ ਉੱਪਰ ਵਧੀਕੀਆਂ ਨੂੰ ਠੱਲ੍ਹ ਪਾਉਣ ਵਿਚ ਸਫਲਤਾ ਮਿਲੀ। ਇਸ ਅਮਲ ਵਿਚ ਹਰੀ ਸਿੰਘ ਦੀ ਬਹਾਦਰੀ ਅਤੇ ਦਿਆਲੂ ਸੁਭਾ ਸੰਬੰਧੀ ਪ੍ਰਚਲਤ ਦੰਦ ਕਥਾਵਾਂ ਦੇ ਆਧਾਰ 'ਤੇ ਹੀ ਪੰਜਾਬੀ ਕਵੀਆਂ ਨੇ ਹਰੀ ਸਿੰਘ ਨਲਵੇ ਸੰਬੰਧੀ ਦਿਲਚਸਪ ਕਿੱਸੇ, ਸੀ-ਹਰਫ਼ੀਆਂ, ਜੰਗਨਾਮੇ ਅਤੇ ਵਾਰਾਂ ਰਚੀਆਂ:-

ਕਾਫ਼ ਕੋਈ ਜਹਾਨ ਤੇ ਨਹੀਂ ਹੋਣਾ
ਹਰੀ ਸਿੰਘ ਜਿਹਾ ਵੱਡੀ ਓਟ ਵਾਲਾ।
ਪਹਿਲਾ ਹੱਥ ਸਰਕਾਰ ਨੂੰ ਦੱਸਿਆ ਸੂ,
ਕਿਲ੍ਹਾ ਫ਼ਤਿਹ ਕੀਤਾ ਸਿਆਲਕੋਟ ਵਾਲਾ।
ਦੂਜਾ ਹੱਥ ਸਰਕਾਰ ਨੂੰ ਦੱਸਿਆ ਸੂ,
ਕਿਲ੍ਹਾ ਮਾਰ ਮੋਇਆ ਜਮਰੌਦ ਵਾਲਾ।
ਕਾਦਰ ਯਾਰ ਜਹਾਨ ਤੇ ਨਹੀਂ ਰਹਿਣਾ,
ਲਸ਼ਕਰ ਮਿਲ ਗਿਆ ਜੇ ਮਲਕੂਲ ਮੌਤ ਵਾਲਾ।

*(ਕਾਦਰ ਬਖ਼ਸ਼ ਉਰਫ਼ ਕਾਦਰ ਯਾਰ,*
*ਵਾਰ ਹਰੀ ਸਿੰਘ ਨਲਵਾ)*

ਪਠਾਨ ਕਬੀਲੇ ਜਿਨ੍ਹਾਂ ਨਾਲ ਅਟਕ-ਪਾਰ ਇਲਾਕੇ ਵਿਚ ਹਰੀ ਸਿੰਘ ਨਲਵੇ ਦਾ ਵਾਹ ਪਿਆ, ਉਹ ਸੱਭਯ ਜੀਵਨ ਤੋਂ ਅਜੇ ਕੋਹਾਂ ਦੂਰ ਸਨ। ਰਾਹਗੀਰਾਂ ਦੀ ਲੁੱਟ-ਮਾਰ ਕਰ ਕੇ, ਉਨ੍ਹਾਂ ਦਾ ਮਾਲ-ਅਸਬਾਬ ਵੇਚ ਲੈਣਾ, ਡੰਗਰ ਚੋਰੀ ਕਰਨੇ, ਸ਼ਿਕਾਰੀ ਕੁੱਤਿਆਂ ਨੂੰ ਲੈ ਕੇ ਸ਼ਿਕਾਰ ਕਰਨੇ, ਡਾਕੇ ਮਾਰਨੇ ਅਤੇ ਘਰਾਂ ਵਿਚ ਸੰਨ੍ਹਾਂ ਮਾਰ ਕੇ ਚੋਰੀਆਂ ਕਰਨੀਆਂ ਉਨ੍ਹਾਂ ਦੇ ਆਮ ਪੇਸ਼ੇ ਸਨ। ਕਈ ਵੇਰ ਤਾਂ ਉਹ ਰਾਹ ਜਾਂਦੀਆਂ ਬਰਾਤਾਂ ਨੂੰ ਲੁੱਟ ਕੇ ਨਵੀਆਂ ਵਿਆਹੀਆਂ ਮੁਟਿਆਰਾਂ ਵੀ ਅਗ਼ਵਾ ਕਰ ਲੈਂਦੇ ਸਨ। ਸ਼ਰਨਾਗਤ ਕੌਰ ਦੀ ਗਾਥਾ

ਕੁਝ ਇਸੇ ਪ੍ਰਕਾਰ ਦੀ ਹੈ। ਇਸ ਲੜਕੀ ਦਾ ਜਨਮ ਇਕ ਹਿੰਦੂ ਪਰਿਵਾਰ ਵਿਚ ਹੋਇਆ ਸੀ ਜੋ ਪੰਜਾਬ ਦੇ ਧੁਰ ਪੱਛਮੀ ਇਲਾਕੇ ਦੇ ਇਕ ਦੁਰੇਡੇ ਨਿਵੇਕਲੇ ਪਿੰਡ ਵਿਚ ਵਸਦਾ ਸੀ। ਸਿੱਖ ਰਾਜ ਦੇ ਪਸਾਰ ਨਾਲ ਇਹ ਇਲਾਕਾ ਹਰੀ ਸਿੰਘ ਨਲਵੇ ਦੀ ਨਜ਼ਾਮਤ ਵਿਚ ਆ ਗਿਆ ਸੀ। ਇਸ ਲੜਕੀ ਦੀ ਸ਼ਾਦੀ ਉਪਰੰਤ ਜਦੋਂ ਡੋਲੀ ਸਹੁਰੇ ਪਿੰਡ ਜਾ ਰਹੀ ਸੀ ਤਾਂ ਕਬਾਇਲੀ ਡਾਕੂਆਂ ਨੇ ਅਚਨਚੇਤ ਹਮਲਾ ਕਰ ਕੇ ਮਾਲ-ਅਸਬਾਬ ਗਹਿਣੇ ਆਦਿ ਤਾਂ ਖੋਹ ਹੀ ਲਏ ਪਰ ਨਾਲ ਹੀ ਨਵ-ਵਿਆਹੁਤਾ ਨੂੰ ਵੀ ਉਧਾਲ ਲਿਆ। ਘਟਨਾ ਉਪਰੰਤ ਪੀੜਤ ਪਰਿਵਾਰ ਲਾੜੇ ਸਮੇਤ ਤੁਰੰਤ ਹਰੀ ਸਿੰਘ ਨਲਵੇ ਕੋਲ ਜਾ ਪੇਸ਼ ਹੋਇਆ। ਇਸ ਸਮੇਂ ਡਾਕੂਆਂ ਨੇ ਆਪਣੇ ਦੋ ਸੂਹੀਏ ਵੀ ਭੇਜ ਦਿਤੇ ਤਾਂ ਜੋ ਹਰੀ ਸਿੰਘ ਨਲਵੇ ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਦੀ ਪੇਸ਼-ਬੰਦੀ ਕੀਤੀ ਜਾ ਸਕੇ। ਸੁਭਾਵਕ ਹੀ ਹਰੀ ਸਿੰਘ ਦੀ ਸੁਚੇਤ ਅੱਖ ਨੇ ਗਹੁ ਨਾਲ ਇਨ੍ਹਾਂ ਸੂਹੀਆਂ ਨੂੰ ਤਾੜ ਲਿਆ। ਹਰੀ ਸਿੰਘ ਨੇ ਧਿਆਨ ਨਾਲ ਸ਼ਿਕਾਇਤ ਸੁਣ ਕੇ ਲਾੜੇ ਨੂੰ ਬੰਦੀ ਬਣਾਉਣ ਦਾ ਹੁਕਮ ਦਿੱਤਾ ਕਿਉਂਕਿ ਉਹ ਅਗਨੀ ਦੁਆਲੇ ਕਸਮਾਂ ਖਾ ਕੇ ਵੀ ਆਪਣੀ ਪਤਨੀ ਦੀ ਰੱਖਿਆ ਨਹੀਂ ਕਰ ਸਕਿਆ ਸੀ। ਸੂਹੀਆਂ ਨੂੰ ਤਸੱਲੀ ਹੋ ਗਈ ਕਿ ਸਰਕਾਰ ਵੱਲੋਂ ਕਿਸੇ ਤੁਰੰਤ ਕਾਰਵਾਈ ਦੀ ਸੰਭਾਵਨਾ ਨਹੀਂ। ਜਦੋਂ ਉਹ ਆਪਣੇ ਟਿਕਾਣੇ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਦੇ ਪਿੱਛੇ ਹੀ ਹਰੀ ਸਿੰਘ ਨੇ ਦਸ ਘੋੜ ਸਵਾਰ, ਉਸ ਨਵ-ਵਿਆਹੀ ਮੁਟਿਆਰ ਨੂੰ ਛੁਡਵਾਉਣ ਲਈ ਭੇਜ ਦਿਤੇ ਜਿਨ੍ਹਾਂ ਨੇ ਅਛੋਪ ਹੀ ਡਾਕੂਆਂ ਦੇ ਟਿਕਾਣੇ ਦਾ ਘੇਰਾ ਘੱਤ ਕੇ ਲੜਕੀ ਨੂੰ ਛੁਡਵਾ ਲਿਆ। ਇਸ ਪ੍ਰਕਾਰ ਇਹ ਅਬਲਾ ਇਸਤਰੀ ਹਰੀ ਸਿੰਘ ਨਲਵੇ ਦੇ ਸਾਹਮਣੇ ਹਾਜ਼ਰ ਹੋਈ। ਹਰੀ ਸਿੰਘ ਨੇ ਲੜਕੀ ਪਾਸੋਂ ਉਸ ਦਾ ਨਾਂ ਪੁੱਛਿਆ ਤਾਂ ਉਸ ਨੇ ਕਿਹਾ, "ਜੀ ਮੈਂ ਤਾਂ ਆਪ ਦੀ ਸ਼ਰਨ ਵਿਚ ਹਾਜ਼ਰ ਹਾਂ। ਆਪ ਨੇ ਮੇਰੀ ਜਾਨ ਹੀ ਨਹੀਂ, ਪੱਤ ਵੀ ਬਚਾਈ ਹੈ।" ਇਸ ਉਪਰੰਤ ਹਰੀ ਸਿੰਘ ਨੇ ਲੁੱਟੇ ਗਏ ਮਾਲ-ਅਸਬਾਬ ਨਵੀਂ ਵਿਆਹੀ ਜੋੜੀ ਨੂੰ ਦੇ ਕੇ ਉਨ੍ਹਾਂ ਦੇ ਪਿੰਡ ਸੁਰੱਖਿਅਤ ਪਹੁੰਚਾਉਣ ਦਾ ਹੁਕਮ ਦਿੱਤਾ। ਪਰ ਇਸ ਦੰਪਤੀ ਨੇ

ਹਰੀ ਸਿੰਘ ਨਲਵੇ ਦੀ ਸੇਵਾ ਵਿਚ ਰਹਿਣ ਦੀ ਅਰਜੋਈ ਕੀਤੀ। ਉਨ੍ਹਾਂ ਨੂੰ ਡਰ ਸੀ ਕਿ ਉਹ ਡਾਕੂ ਉਨ੍ਹਾਂ ਨੂੰ ਕਿਧਰੇ ਵੀ ਵਸਣ ਨਹੀਂ ਦੇਣਗੇ। ਅਖ਼ੀਰ ਦੰਪਤੀ ਦੇ ਆਪਣੇ ਹੀ ਜ਼ੋਰ ਦੇਣ 'ਤੇ ਉਨ੍ਹਾਂ ਨੂੰ ਪਾਹੁਲ ਛਕਾ ਕੇ ਖ਼ਾਲਸਾ ਪੰਥ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਪ੍ਰਕਾਰ ਡਾਕੂਆਂ ਤੋਂ ਬੰਦ-ਖਲਾਸ ਹੋਈ ਔਰਤ ਦਾ ਨਾਂ ਸ਼ਰਨਾਗਤ ਕੌਰ ਪ੍ਰਸਿੱਧ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੀ ਇਹ ਇਕ ਕੌੜੀ ਅਤੇ ਸ਼ਰਮਨਾਕ ਸੱਚਾਈ ਰਹੇਗੀ ਕਿ ਮਹਾਰਾਜੇ ਦਾ ਇਕੋ-ਇਕ ਪ੍ਰਤਿਭਾਸ਼ੀਲ, ਸੱਚੇ-ਸੁੱਚੇ ਅਤੇ ਆਪਣੀ ਹੀ ਹਿੰਮਤ ਅਤੇ ਵਿਸ਼ਵਾਸ ਦੁਆਰਾ ਸਫਲਤਾ ਪ੍ਰਾਪਤ ਕਰਨ ਵਾਲੇ ਸਰਦਾਰ, ਹਰੀ ਸਿੰਘ ਨਲਵੇ ਦੇ ਜਮਰੌਦ ਦੇ ਕਿਲ੍ਹੇ ਵਿਖੇ ਰਾਜ ਦੀਆਂ ਸਰਹੱਦਾਂ ਦੀ ਰਖਵਾਲੀ ਕਰਦਿਆਂ ਆਪਣੇ ਜੀਵਨ ਦੀ ਆਹੂਤੀ ਦੇ ਜਾਣ ਪਿਛੋਂ ਉਸ ਦੀਆਂ ਵਿਧਵਾਵਾਂ ਅਤੇ ਪੁੱਤਰਾਂ ਨਾਲ ਯੋਗ ਸਲੂਕ ਨਾ ਕੀਤਾ ਗਿਆ। ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ ਅਤੇ ਕਾਫ਼ੀ ਖੱਜਲ-ਖੁਆਰੀ ਅਤੇ ਜ਼ਲਾਲਤ ਪਿੱਛੋਂ, ਜਾਇਦਾਦ ਦਾ ਕੁਝ ਹਿੱਸਾ ਉਨ੍ਹਾਂ ਨੂੰ ਵਾਪਿਸ ਕਰ ਦਿੱਤਾ ਗਿਆ। ਵਾਸਤਵ ਵਿਚ ਹਰੀ ਸਿੰਘ ਨਲਵਾ, ਰਣਜੀਤ ਸਿੰਘ ਦੇ ਖ਼ੁਸ਼ਾਮਦੀ, ਸੁਆਰਥੀ ਅਤੇ ਈਰਖਾਲੂ ਦਰਬਾਰੀਆਂ ਦੀਆਂ ਸਾਜ਼ਸ਼ਾਂ ਦਾ ਸ਼ਿਕਾਰ ਹੋ ਗਿਆ। ਮਹਾਰਾਜੇ ਨੇ ਜ਼ਾਤੀ ਤੌਰ 'ਤੇ ਉਸ ਵੱਲ ਰੁੱਖਾ ਸਲੂਕ ਉਸ ਸਮੇਂ ਤੋਂ ਕਰ ਲਿਆ ਜਦੋਂ ਹਰੀ ਸਿੰਘ ਨਲਵੇ ਨੇ ਦਲੇਰੀ ਅਤੇ ਨਿਰਭੈਤਾ ਨਾਲ ਖੁਲ੍ਹ ਕੇ ਕੰਵਰ ਖੜਕ ਸਿੰਘ ਦੀ ਜਾਨਸ਼ੀਨੀ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਦਿੱਤੇ। ਅਜਿਹਾ ਕਰਕੇ ਆਪਣੇ ਵੱਲੋਂ ਤਾਂ ਉਹ ਖ਼ਾਲਸਾ ਪੰਥ ਦੀਆਂ ਨਰੋਈਆਂ ਰਵਾਇਤਾਂ ਵੱਲ ਮਹਾਰਾਜੇ ਦਾ ਧਿਆਨ ਦਿਵਾ ਕੇ ਖ਼ਾਲਸਾ ਰਾਜ ਦੀ ਸਲਾਮਤੀ ਸੁਨਿਸ਼ਚਿਤ ਕਰਨੀ ਲੋਚਦਾ ਸੀ ਪਰ ਉਸ ਦੇ ਈਰਖਾਲੂਆਂ ਨੇ ਉਸ ਦੀ ਪੰਥਕ ਨਿਸ਼ਠਾ ਨੂੰ ਨਿੱਜੀ ਅਕਾਂਖਿਆ ਦਰਸਾ ਕੇ ਮਹਾਰਾਜੇ ਦੇ ਮਨ ਵਿਚ ਉਸ ਪ੍ਰਤੀ ਕੁੜੱਤਣ ਭਰ ਦਿੱਤੀ।

ਜਦੋਂ ਹਰੀ ਸਿੰਘ ਨਲਵੇ ਦੀ ਮੌਤ ਹੋਈ ਤਾਂ ਉਸ ਦੀਆਂ ਜਾਗੀਰਾਂ ਦੀ ਵਾਰਸ਼ਿਕ ਆਮਦਨੀ 3,67,000/- (ਤਿੰਨ ਲੱਖ ਸਤਾਹਠ ਹਜ਼ਾਰ)

ਨਾਨਕਸ਼ਾਹੀ ਰੁਪਏ ਸੀ। ਉਸ ਦੇ ਜੀਵਨ ਭਰ ਦੀ ਬਚਤ ਰਾਸ਼ੀ 9,00,000/- (ਨੌਂ ਲੱਖ ਰੁਪਏ) ਨਾਨਕਸ਼ਾਹੀ ਸੀ ਜਿਸ ਵਿਚੋਂ ਲਗਭਗ ਚੋਖੀ ਰਾਸ਼ੀ ਰਾਜ ਦੀ ਪ੍ਰਚਲਤ ਪ੍ਰਥਾ ਮੁਤਾਬਕ ਜ਼ਬਤ ਕਰ ਲਈ ਗਈ। ਬਰਤਾਨਵੀ ਸੂਹੀਆਂ ਦੀ ਜਾਣਕਾਰੀ ਮੁਤਾਬਕ ਹਰੀ ਸਿੰਘ ਨਲਵੇ ਦੀ ਕੁਝ ਰਾਸ਼ੀ ਅੰਮ੍ਰਿਤਸਰ ਦੇ ਸ਼ਾਹੂਕਾਰਾਂ ਕੋਲ ਵੀ ਪਈ ਸੀ। ਇਸ ਰਾਸ਼ੀ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਇਮਾਮ-ਉਦ-ਦੀਨ ਨੇ ਕਈ ਸ਼ਾਹੂਕਾਰਾਂ ਨੂੰ ਤਸੀਹੇ ਵੀ ਦਿੱਤੇ। ਇਹ ਸਪੱਸ਼ਟ ਹੈ ਕਿ ਇਸ ਸਾਰੀ ਕਾਰਵਾਈ ਵਿਚ ਡੋਗਰੇ ਭਰਾਵਾਂ, ਕੁਝ ਦਰਬਾਰੀਆਂ ਅਤੇ ਕੰਵਰ ਖੜਕ ਸਿੰਘ ਦਾ ਹੱਥ ਸੀ। ਪਰ ਇਕ ਨਿਸ਼ਠਾਵਾਨ ਅਤੇ ਸੱਚੇ ਪੰਥ ਪ੍ਰਸਤ/ਦੇਸ਼ ਭਗਤ ਜਰਨੈਲ ਨਾਲ ਅਜਿਹਾ ਸਲੂਕ ਨਿਸ਼ਚੇ ਹੀ ਮੰਦ-ਭਾਗੀ ਇਤਿਹਾਸਕ ਸੱਚਾਈ ਮੰਨੀ ਜਾਵੇਗੀ। ਕੁਝ ਸਮਾਂ ਬੀਤ ਜਾਣ ਪਿਛੋਂ ਖ਼ਾਲਸਾ ਦਰਬਾਰ ਵੱਲੋਂ ਸ. ਹਰੀ ਸਿੰਘ ਨਲਵੇ ਦੀ ਵਿਧਵਾ ਨਾਲ ਮੁਨਸ਼ੀ ਸ਼ਰਧਾ ਰਾਮ ਦੁਆਰਾ ਸੰਪਰਕ ਕੀਤਾ ਗਿਆ ਅਤੇ ਉਸ ਸਾਹਮਣੇ ਪ੍ਰਸਤਾਵ ਰੱਖਿਆ ਗਿਆ ਕਿ ਜੇਕਰ ਉਹ ਹਰੀ ਸਿੰਘ ਦੀ ਜਾਇਦਾਦ ਦਾ ਕੁਝ ਹਿੱਸਾ ਸਰਕਾਰ ਨੂੰ ਵਾਪਿਸ ਕਰ ਦੇਵੇ ਤਾਂ ਗੁੱਜਰਾਂਵਾਲੇ ਦੀ ਜਾਗੀਰ ਉਸ ਨੂੰ ਦਿੱਤੀ ਜਾ ਸਕਦੀ ਸੀ। ਪਰ ਉਹ ਆਪਣੇ ਪੁੱਤਰਾਂ ਅਰਜਨ ਸਿੰਘ ਅਤੇ ਜਵਾਹਰ ਸਿੰਘ ਨੂੰ ਪਿਸ਼ਾਵਰ ਤੋਂ ਵਾਪਿਸ ਬੁਲਵਾ ਕੇ ਰਾਜ ਦੀ ਪ੍ਰਚਲਤ ਰਵਾਇਤ ਅਨੁਸਾਰ ਮਹਾਰਾਜਾ ਨੂੰ ਬਕਾਇਦਾ ਨਜ਼ਰਾਨਾ ਪੇਸ਼ ਕਰਨ ਉਪਰੰਤ ਉਨ੍ਹਾਂ ਦੀ ਬਾ-ਇਜ਼ਤ ਬਹਾਲੀ ਚਾਹੁੰਦੀ ਸੀ। ਹਰੀ ਸਿੰਘ ਦੀ ਵਿਧਵਾ ਦਾ ਇਹ ਪ੍ਰਸਤਾਵ ਮੰਨ ਤਾਂ ਲਿਆ ਗਿਆ ਪਰ ਇਸ ਉੱਪਰ ਅਮਲ ਨਾ ਹੋ ਸਕਿਆ ਕਿਉਂਕਿ ਹਰੀ ਸਿੰਘ ਦੀ ਜਾਗੀਰ ਦਾ ਉਸ ਸਾਲ ਦਾ ਸਾਰਾ ਮਾਮਲਾ ਫ਼ਸਲ ਦੀ ਕਟਾਈ ਸਮੇਂ ਹੀ ਗੁਲਾਬ ਸਿੰਘ ਡੋਗਰੇ ਨੇ ਉਗਰਾਹ ਲਿਆ ਸੀ (ਗੁਲਾਬ ਸਿੰਘ ਨੂੰ ਹਰੀ ਸਿੰਘ ਦੀ ਨਜ਼ਾਮਤ ਦੇ ਖੇਤਰ ਦਾ ਮਾਮਲਾ ਉਗਰਾਹੁਣ ਲਈ ਲਾਹੌਰ ਦਰਬਾਰ ਵੱਲੋਂ ਹੀ ਨਿਯੁਕਤ ਕੀਤਾ ਗਿਆ ਸੀ)।

ਹਰੀ ਸਿੰਘ ਨਲਵਾ ਨੇ ਕੇਵਲ 46 ਸਾਲ ਦਾ ਜੀਵਨ ਭੋਗਿਆ। ਇਸ ਸੰਖੇਪ ਜਿਹੇ ਸਮੇਂ ਵਿਚ ਉਸ ਨੇ ਆਦਰਸ਼ਮਈ ਸੰਘਰਸ਼ ਕੀਤਾ।


ਹਰੀ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਸਾਰੀਆਂ ਜਿੱਤਾਂ ਲਈ ਵਿੱਢੀਆਂ ਜ਼ਬਰਦਸਤ ਸੈਨਿਕ ਕਾਰਵਾਈਆਂ ਵਿਚ ਹਿੱਸਾ ਲਿਆ। ਕਾਬਲੀਅਤ, ਦਲੇਰੀ ਅਤੇ ਸੂਝ-ਬੂਝ ਕਰਕੇ ਉਸ ਨੂੰ ਜਲਦੀ-ਜਲਦੀ ਪਦ-ਉਨਤੀ ਮਿਲਦੀ ਗਈ। ਕਸੂਰ ਤੋਂ ਕਸ਼ਮੀਰ, ਮੁਲਤਾਨ ਅਤੇ ਹਜ਼ਾਰਾ ਤੋਂ ਪਿਸ਼ਾਵਰ ਤੱਕ ਉਸ ਨੇ ਕਠਿਨ ਮੁਹਿੰਮਾਂ ਵਿਚ ਭਾਗ ਲਿਆ। ਇਸੇ ਕਰਕੇ ਹਰੀ ਸਿੰਘ ਸਾਰੇ ਹਿੰਦੁਸਤਾਨ ਵਿਚ ਅਤੇ ਖਾਸ ਕਰਕੇ ਬਰਤਾਨਵੀ ਸਾਮਰਾਜੀ ਅਫ਼ਸਰਾਂ ਵਿਚ (ਜਿਨ੍ਹਾਂ ਨੂੰ ਰਣਜੀਤ ਸਿੰਘ ਆਮ ਕਰਕੇ ਨਵਾਬ ਲਾਟ ਕਰਕੇ ਸੰਬੋਧਨ ਕਰਦਾ ਸੀ) ਰਣਜੀਤ ਸਿੰਘ ਦਾ ਕਮਾਂਡਰ-ਇਨ-ਚੀਫ਼ ਕਰਕੇ ਹੀ ਜਾਣਿਆ ਜਾਂਦਾ ਸੀ:-

ਬਹੁਤ ਹੋਇਆ ਹਰੀ ਸਿੰਘ ਦੂਲਾ,
ਜਿਹਦਾ ਨਾਮ ਰੋਸ਼ਨ ਦੂਰ-ਦੂਰ ਸਾਰੇ।
ਦਿੱਲੀ ਦੱਖਣ ਤੇ ਚੀਨ ਮਚੀਨ ਤਾਈਂ,
ਬਾਦਸ਼ਾਹਾਂ ਨੂੰ ਖ਼ੌਫ਼ ਜ਼ਰੂਰ ਸਾਰੇ।


ਜ਼ਾਤੀ ਜੀਵਨ ਵਿਚ ਹਰੀ ਸਿੰਘ ਨਲਵਾ ਸ਼ੌਕੀਨ, ਕੋਮਲ ਭਾਵੀ ਅਤੇ ਸੁੱਚੇ ਆਚਰਣ ਵਾਲਾ ਸਿੱਖ ਸਰਦਾਰ ਸੀ। ਗੁੱਜਰਾਂਵਾਲੇ ਵਿਚ ਉਸ ਨੇ ਬਾਗ਼ ਵੀ ਲਗਵਾਏ। ਉਸ ਦੀ ਆਪਣੀ ਹਵੇਲੀ ਵਿਚ ਫੁੱਲਾਂ ਅਤੇ ਫਲਾਂ ਦਾ ਚੰਗਾ ਬਾਗ਼ ਸੀ ਜਿਸ ਦਾ ਜ਼ਿਕਰ ਬੈਰਨ ਹਿਊਗਲ ਨੇ ਉਚੇਚੇ ਤੌਰ 'ਤੇ ਕੀਤਾ ਹੈ। ਉਸ ਨੇ ਨਿੰਬੂ ਜਾਤੀ (Citrus) ਦਾ ਨਵਾਂ ਪੌਦਾ ਮੱਧ ਸਾਗਰ ਦੇ ਟਾਪੂ ਜਿਬਮਲਟਰ ਤੋਂ ਮੰਗਵਾ ਕੇ ਗੁੱਜਰਾਂਵਾਲੇ ਵਿਖੇ ਮਾਲਟੇ ਦਾ ਫਲ ਵਿਕਸਿਤ ਕੀਤਾ ਸੀ। ਇਸੇ ਕਰਕੇ ਉਸ ਨੂੰ ਇਤਿਹਾਸ ਵਿਚ ਖ਼ਾਲਸਾ ਰਾਜ ਦਾ ਨਿਵੇਕਲਾ ਅਤੇ ਗੁਣਵਾਨ ਸਿੱਖ ਸਰਦਾਰ ਮੰਨਿਆ ਗਿਆ ਹੈ।

# ਹਰੀ ਸਿੰਘ ਨਲਵੇ ਬਾਰੇ ਹੁਣ ਤੱਕ ਰਚੀਆਂ ਗਈਆਂ ਪੁਸਤਕਾਂ



1. ਬਾਬਾ ਪ੍ਰੇਮ ਸਿੰਘ ਹੋਤੀ, ਜੀਵਨ ਬਿਰਤਾਂਤ ਸਰਦਾਰ ਹਰੀ ਸਿੰਘ ਨਲਵਾ, 1937.
2. ਗੰਡਾ ਸਿੰਘ, ਸੀ ਹਰਫੀਆਂ ਹਰੀ ਸਿੰਘ ਨਲਵਾ।
3. Avtar Singh Sandhu, General Hari Singh Nalwa, 1936.
4. S. S. Johar, Hari Singh Nalwa.
5. Vanit Nalwa, Hari Singh Nalwa, Champion of the Khalsa Raj.
6. Sanjoy K. Singh, Hari Singh Nalwa.
7. Nayyar, G.S., Life and Accomplishments of Sardar Hari Singh Nalwa, Marshal of The Khalsa.
8. Prithipal Singh Kapur (Ed.), Prespectives on Hari Singh Nalwa (Seminar Papers), 1993.
9. ਡਾ. ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ 'ਬੇਦੀ', ਵਾਰਾਂ ਤੇ ਜੰਗਨਾਮੇ ਸ. ਹਰੀ ਸਿੰਘ ਨਲਵਾ, 2016.





ਕਿਲ੍ਹਾ ਫ਼ਤਿਹਗੜ੍ਹ, ਜਮਰੌਦ



ਸਰਦਾਰ ਹਰੀ ਸਿੰਘ ਨਲਵਾ ਦੀ ਆਲੀਸ਼ਾਨ ਹਵੇਲੀ, ਗੁਜਰਾਂਵਾਲ਼ਾ (ਹੁਣ ਪਾਕਿਸਤਾਨ)
(ਇਥੇ ਅੱਜਕਲ ਇਸਲਾਮੀ ਮਦਰੱਸਾ ਚਲਦਾ ਹੈ)


ਜੋਤਿ ਪ੍ਰਗਾਸ


ਸ੍ਰੀ ਅਨੰਦਪੁਰ ਸਾਹਿਬ
ਬਹੁਪੱਖੀ ਦਰਸ਼ਨ
ਸੰਪਾਦਕ
ਦਿਲਜੀਤ ਸਿੰਘ 'ਬੇਦੀ'


ਨਿੱਕੀਆਂ ਜਿੰਦਾਂ ਵੱਡਾ ਸਾਕਾ
ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸਚਿੱਤ੍ਰ ਸਾਖੀ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ।
ਭੇਟਾ ਰਹਿਤ